SHIMLA® GIN·RUM

FREE

ਮਨ ਜਿੱਤ
MANN JITT WEEKLY

patara
Chartered Accountants Worldwide
Network Member

Vol: 18, Issue 887 U.K's Largest Circulated Free Punjabi/English Newspaper www.mannjittweekly.co.uk 13th Decembe to 19th December 2023

RAI & SONS
BUILDERS
NEW BUILDS
EXTENTIONS
RE WIRING
ROOFING
INSURANCE WORK
CENTRAL HEATING
DAMP PROOFING

CONTACT
0121 358 4539
07973 147 255
07723 315127
077928 55562

Jhally
Creativity at its best
ਵਿਆਹ ਜਿਥੇ ਮਰਜੀ ਕਰਵਾਓ, ਪਰ ਵੀਡਿਓ ਝੱਲ੍ਹੋ ਤੋਂ ਬਣਵਾਓ
Video Productions & Photography
Creative Video Production & Photography for Wedding Civil Marriages, Parties, All Special occasions, Digital Storybooks & Traditional Albums.
TEL. : 01922 448427 Mob. : 07958-747497
57 Darlaston Road, Walsall, WS2 9QT email: info@jhally.co.uk

ਨਵੀਂ ਸੰਸਦ ਦੀ ਸੁਰੱਖਿਆ ਵਿਚ ਲੱਗੀ ਸੰਨ੍ਹ

ਪੁਰਾਣੇ ਸੰਸਦ ਭਵਨ ਉੱਤੇ ਹਮਲੇ ਦੀ ਬਰਸੀ ਮੌਕੇ ਵਾਪਰੀ ਘਟਨਾ

ਨਵੀਂ ਦਿੱਲੀ - ਦੇਸ਼ ਦੀ ਸੰਸਦ ਉੱਤੇ 2001 ਵਿੱਚ ਹੋਏ ਦਹਿਸ਼ਤੀ ਹਮਲੇ ਦੀ ਬਰਸੀ ਮੌਕੇ ਅੱਜ ਨਵੀਂ ਸੰਸਦੀ ਇਮਾਰਤ ਵਿੱਚ ਉਦੋਂ ਵੱਡੀ ਸੁਰੱਖਿਆ ਸੰਨ੍ਹ ਲੱਗ ਗਈ ਜਦੋਂ ਸਿਫਰ ਕਾਲ ਦੌਰਾਨ ਦੋ ਵਿਅਕਤੀ ਪਬਲਿਕ ਗੈਲਰੀ ਵਿਚੋਂ ਛਾਲ ਮਾਰ ਕੇ ਲੋਕ ਸਭਾ ਚੈਂਬਰ ਵਿੱਚ ਦਾਖਲ ਹੋ ਗਏ। ਸੰਸਦ ਮੈਂਬਰਾਂ ਨੇ ਹਾਲਾਂਕਿ ਦੋਵਾਂ ਨੂੰ ਕਾਬੂ ਕਰ ਲਿਆ ਪਰ ਇਸ ਤੋਂ ਪਹਿਲਾਂ ਦੋਵਾਂ ਨੇ ਛੋਟੇ ਕੈਨਿਸਟਰਾਂ ਵਿਚੋਂ ਪੀਲਾ ਧੂੰਆਂ ਛੱਡਿਆ ਤੇ ਨਾਅਰੇਬਾਜੀ ਕੀਤੀ। ਠੀਕ ਉਸੇ ਵੇਲੇ ਦੋ ਹੋਰ ਵਿਅਕਤੀਆਂ, ਜਿਨ੍ਹਾਂ ਵਿਚ ਇਕ ਮਹਿਲਾ ਵੀ ਸ਼ਾਮਲ ਸੀ, ਨੇ ਸੰਸਦ ਦੇ ਬਾਹਰ ਕੈਨਿਸਟਰਾਂ ਵਿਚੋਂ ਰੰਗਦਾਰ ਗੈਸ ਸਪਰੇਅ ਕੀਤੀ ਤੇ 'ਤਾਨਾਸ਼ਾਹੀ ਨਹੀਂ ਚਲੇਗੀ', 'ਭਾਰਤ ਮਾਤਾ ਕੀ ਜੈ' ਤੇ 'ਜੈ ਭੀਮ ਜੈ ਭਾਰਤ' ਦੇ ਨਾਅਰੇ ਵੀ ਲਾਏ। ਸੁਰੱਖਿਆ ਬਲਾਂ ਨੇ ਇਨ੍ਹਾਂ ਚਾਰਾਂ ਨੂੰ ਹਿਰਾਸਤ ਵਿੱਚ ਲੈ ਲਿਆ। ਇਸ ਦੌਰਾਨ ਵਿਰੋਧੀ ਧਿਰਾਂਨੇ ਸਪੀਕਰ ਓਮ ਬਿਰਲਾ ਵੱਲੋਂ ਸੱਦੀ ਸਰਬ ਪਾਰਟੀ ਮੀਟਿੰਗ ਦੌਰਾਨ ਸੁਰੱਖਿਆ 'ਚ ਸੰਨ੍ਹ ਦੇ ਮੁੱਦੇ 'ਤੇ ਫਿ?ਕਰ ਜਤਾਇਆ। ਲੋਕ ਸਭਾ ਦੀ ਘਟਨਾ ਵਿੱਚ ਸ਼ਾਮਲ ਦੋ ਵਿਅਕਤੀਆਂ ਦੀ ਪਛਾਣ ਸਾਗਰ ਸ਼ਰਮਾ ਤੇ ਮਨੋਰੰਜਨ ਵਜੋਂ ਹੋਈ ਹੈ। ਸ਼ਰਮਾ ਵਿਜ਼ਿਟਰ ਗੈਲਰੀ ਵਿੱਚ ਮੈਸੂਰੂ ਤੋਂ ਲੋਕ ਸਭਾ ਮੈਂਬਰ ਪ੍ਰਤਾਪ ਸਿਮ੍ਹਾ ਦੇ ਮਹਿਮਾਨ ਵਜੋਂ ਆਇਆ ਸੀ। ਘੁਸਪੈਠ ਮਗਰੋਂ ਸੰਸਦੀ ਅਹਾਤੇ ਵਿੱਚ ਵਿਜ਼ਿ?ਟਰਾਂ ਦਾ ਦਾਖਲਾ ਰੋਕ ਦਿੱਤਾ ਗਿਆ। ਜਿਨ੍ਹਾਂ ਵਿਅਕਤੀਆਂ ਕੋਲ ਅੱਜ ਦੇ ਦਿਨ ਲਈ ਵੈਧ ਵਿਜ਼ਿਟਰ ਪਾਸ ਸਨ ਉਨ੍ਹਾਂ ਨੂੰ ਰਿਸੈਪਸ਼ਨ ਖੇਤਰ ਵਿਚੋਂ ਹੀ ਮੋੜ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਹਾਲ ਦੀ ਘੜੀ ਉਨ੍ਹਾਂ ਕੋਲ ਵਿਜ਼ਿਟਰਾਂ ਦੇ ਦਾਖਲੇ 'ਤੇ 'ਪਾਬੰਦੀ' ਸਬੰਧੀ ਕੋਈ ਲਿਖਤੀ ਹਦਾਇਤਾਂ ਨਹੀਂ ਹਨ। ਆਮ ਕਰਕੇ ਵਿਜ਼ਿ?ਟਰ ਪਾਸ ਦੋ ਘੰਟਿਆਂ ਲਈ ਜਾਰੀ ਕੀਤੇ ਜਾਂਦੇ ਹਨ। ਉਂਜ ਘੁਸਪੈਠ ਦੀ ਇਸ ਘਟਨਾ ਤੋਂ ਪਹਿਲਾਂ ਅੱਜ ਦਿਨੇ ਕੁਝ ਸੰਸਦ ਮੈਂਬਰਾਂ ਦੀਆਂ ਪਤਨੀਆਂ ਨੇ ਨਵੀਂ ਸੰਸਦੀ ਇਮਾਰਤ ਦਾ ਦੌਰਾ ਕੀਤਾ ਸੀ। ਸਦਨ ਵਿਚ ਮੌਜੂਦ ਕਈ ਸੰਸਦ ਮੈਂਬਰਾਂ ਮੁਤਾਬਕ ਇਹ ਦੋਵੇਂ ਬਾਅਦ ਦੁਪਹਿਰ ਇਕ ਵਜੇ ਦੇ ਕਰੀਬ ਪਬਲਿਕ ਗੈਲਰੀ 'ਚੋਂ ਛਾਲ ਮਾਰ ਕੇ ਲੋਕ ਸਭਾ ਚੈਂਬਰ ਵਿੱਚ ਦਾਖਲ ਹੋਏ। ਇਨ੍ਹਾਂ ਵਿਚੋਂ ਇਕ ਨੂੰ ਸਦਨ ਦੇ ਬੈਂਚ 'ਤੇ ਛਾਲਾਂ ਮਾਰਦਿਆਂ ਜਦੋਂਕਿ ਦੂਜੇ ਨੂੰ ਉਸ ਦੇ ਪਿੱਛੇ ਪਿੱਛੇ ਗੈਲਰੀ 'ਚੋਂ ਲਮਕਦਿਆਂ ਦੇਖਿਆ ਗਿਆ।

ਭਾਜਪਾ ਮੈਂਬਰ ਰਾਜੇਂਦਰ ਅਗਰਵਾਲ, ਜੋ ਉਸ ਮੌਕੇ ਸਦਨ ਦੀ ਕਾਰਵਾਈ ਚਲਾ ਰਹੇ ਸਨ, ਨੇ ਲੋਕ ਸਭਾ ਚੈਂਬਰ ਦਾ ਇਕ ਹਿੱਸਾ ਪੀਲੇ ਰੰਗ ਦੇ ਧੂੰਏਂ ਨਾਲ ਭਰਨ ਕਰਕੇ ਸਦਨ ਦੀ ਕਾਰਵਾਈ ਬਾਅਦ ਦੁਪਹਿਰ 2 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ। ਸਦਨ ਮੁੜ ਜੁੜਿਆ ਤਾਂ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਕਿਹਾ, "ਦੋ ਘੁਸਪੈਠੀਆਂ ਨੂੰ ਸੰਸਦ ਦੇ ਅੰਦਰੋਂ ਤੇ ਦੋ ਨੂੰ ਬਾਹਰੋਂ ਗ੍ਰਿਫਤਾਰ ਕੀਤਾ ਗਿਆ ਹੈ।

ਸੰਸਦ ਭਵਨ ਹਮਲਾ: ਧਨਖੜ, ਮੋਦੀ, ਸੋਨੀਆ ਤੇ ਹੋਰਾਂ ਵੱਲੋਂ ਸ਼ਰਧਾਂਜਲੀਆਂ

ਨਵੀਂ ਦਿੱਲੀ - ਉਪ ਰਾਸਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਅੱਜ ਸੰਸਦ ਭਵਨ 'ਤੇ 2001 ਦੇ ਅਤਿਵਾਦੀ ਹਮਲੇ ਵਿਚ ਆਪਣੀਆਂ ਜਾਨਾਂ ਗਵਾਉਣ ਵਾਲੇ ਸ਼ਹੀਦ ਜਵਾਨਾਂ ਨੂੰ ਸਰਧਾਂਜਲੀਆਂ ਭੇਟ ਕੀਤੀਆਂ ਹਨ। ਇਸ ਮੌਕੇ ਕਾਂਗਰਸ ਨੇਤਾ ਸੋਨੀਆ ਗਾਂਧੀ ਅਤੇ ਮਲਿਕਾਰਜੁਨ ਖੜਗੇ, ਗ੍ਰਹਿ ਮੰਤਰੀ ਅਮਿਤ ਸ਼ਾਹ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਹਿਲਾਦ ਜੋਸੀ, ਵਣਜ ਮੰਤਰੀ ਪਿਊਸ ਗੋਇਲ, ਵਿਗਿਆਨ ਅਤੇ ਤਕਨਾਲੋਜੀ ਮੰਤਰੀ ਜਤਿੰਦਰ ਸਿੰਘ ਸਣੇ ਹੋਰਾਂ ਨੇ ਸਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ, ਖਾਸਕਰ ਉਨ੍ਹਾਂ ਦੇ ਬੱਚਿਆਂ ਨਾਲ ਗੱਲਬਾਤ ਕਰਦੇ ਦਿਖਾਈ ਦਿੱਤੇ। ਸਮਾਗਮ ਵਾਲੀ ਥਾਂ 'ਤੇ ਕਾਂਗਰਸੀ ਆਗੂ ਰਾਜੀਵ ਸੁਕਲਾ ਨੂੰ ਵੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਦਿਆਂ ਦੇਖਿਆ ਗਿਆ। ਉਪ ਰਾਸ਼ਟਰਪਤੀ ਨੇ ਐਕਸ 'ਤੇ ਕਿਹਾ,"2001 ਵਿੱਚ ਸਾਡੀ ਸੰਸਦ 'ਤੇ ਹੋਏ ਹਮਲੇ ਦੌਰਾਨ ਆਪਣੀ ਜਾਨ ਕੁਰਬਾਨ ਕਰਨ ਵਾਲੇ ਦਲੇਰ ਸੁਰੱਖਿਆ ਕਰਮੀਆਂ ਨੂੰ ਯਾਦ ਕਰ ਰਿਹਾ ਹਾਂ। ਭਾਰਤ ਉਨ੍ਹਾਂ ਦੇ ਬਲੀਦਾਨ ਲਈ ਹਮੇਸ਼ਾ ਕਰਜਦਾਰ ਰਹੇਗਾ।" ਉਨ੍ਹਾਂ ਨੇ ਕਿਹਾ,"ਅਤਿਵਾਦ ਦੁਨੀਆ ਭਰ ਵਿੱਚ ਮਾਨਵਤਾ ਲਈ ਖਤਰਾ ਬਣਿਆ ਹੋਇਆ ਹੈ ਅਤੇ ਵਿਸ਼ਵ ਸ਼ਾਂਤੀ ਲਈ ਇਸ ਨੂੰ ਖਤਮ ਕਰਨ ਲਈ ਦੇਸ਼ਾਂ ਦਾ ਇੱਕਜੁਟ ਹੋਣਾ ਜਰੂਰੀ ਹੈ।"

ਪ੍ਰਧਾਨ ਮੰਤਰੀ ਨੇ ਐਕਸ 'ਤੇ ਕਿਹਾ,"ਅੱਜ ਅਸੀਂ 2001 'ਚ ਸੰਸਦ ਹਮਲੇ ਦੌਰਾਨ ਸ਼ਹੀਦ ਹੋਏ ਬਹਾਦਰ ਸੁਰੱਖਿਆ ਕਰਮੀਆਂ ਨੂੰ ਯਾਦ ਕਰਦੇ ਹਾਂ ਅਤੇ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ ਕਰਦੇ ਹਾਂ। ਖਤਰੇ ਦਾ ਸਾਹਮਣਾ ਕਰਦੇ ਹੋਏ ਉਨ੍ਹਾਂ ਦਾ ਸਾਹਸ ਅਤੇ ਬਲੀਦਾਨ ਹਮੇਸ਼ਾ ਸਾਡੇ ਦੇਸ਼ ਦੀ ਯਾਦ 'ਚ ਉਕਰਿਆ ਰਹੇਗਾ।"

ਮੁਖੀਆਂ ਅਤੇ ਮੈਂਬਰਾਂ ਦੀ ਉਮਰ ਹੱਦ ਵਧਾਉਣ ਸਬੰਧੀ ਜੀਐੱਸਟੀ ਬਿੱਲ ਲੋਕ ਸਭਾ 'ਚ ਪੇਸ਼

ਨਵੀਂ ਦਿੱਲੀ- ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਜੀਐੱਸਟੀ ਅਪੀਲ ਟ੍ਰਿਬਿਊਨਲਾਂ ਦੇ ਪ੍ਰਧਾਨਾਂ ਅਤੇ ਮੈਂਬਰਾਂ ਲਈ ਉਮਰ ਹੱਦ ਵਧਾਉਣ ਵਾਸਤੇ ਲੋਕ ਸਭਾ 'ਚ ਅੱਜ ਬਿੱਲ ਪੇਸ਼ ਕੀਤਾ। ਕੇਂਦਰੀ ਵਸਤੂ ਅਤੇ ਸੇਵਾਵਾਂ ਕਰ (ਦੂਜੀ ਸੋਧ) ਬਿੱਲ, 2023 'ਚ ਜੀਐੱਸਟੀ ਅਪੀਲ ਟ੍ਰਿਬਿਊਨਲਾਂ (ਜੀਐੱਸਟੀਏਟੀ) ਦੇ ਪ੍ਰਧਾਨਾਂ ਅਤੇ ਮੈਂਬਰਾਂ ਦੀ ਉਮਰ ਹੱਦ ਕ੍ਰਮਵਾਰ 70 ਅਤੇ 67 ਸਾਲ ਕਰਨ ਦੀ ਤਜਵੀਜ ਹੈ। ਅਪੀਲ ਟ੍ਰਿਬਿਊਨਲ 'ਚ ਅਸਿੱਧੇ ਟੈਕਸਾਂ ਨਾਲ ਸਬੰਧਤ ਮਾਮਲਿਆਂ 'ਚ ਵਕਾਲਤ ਕਰਨ ਦਾ 10 ਸਾਲ ਦਾ ਤਜਰਬਾ ਰੱਖਣ ਵਾਲੇ ਵਕੀਲ ਜੀਐੱਸਟੀਏਟੀ ਦੇ ਜੁਡੀਸ਼ਲ ਮੈਂਬਰ ਨਿਯੁਕਤ ਹੋਣ ਦੇ ਯੋਗ ਹੋਣਗੇ। ਸੋਧ ਮੁਤਾਬਕ ਜੀਐੱਸਟੀਏਟੀ ਦੇ ਪ੍ਰਧਾਨ ਤੇ ਜੁਡੀਸ਼ਲ ਅਤੇ ਤਕਨੀਕੀ ਮੈਂਬਰ ਚਾਰ ਸਾਲਾਂ ਜਾਂ ਕ੍ਰਮਵਾਰ 70 ਤੇ 67 ਸਾਲ ਦੀ ਉਮਰ ਹੱਦ ਤੱਕ ਅਹੁਦੇ 'ਤੇ ਰਹਿਣਗੇ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਅਧਿਸੂਚਿਤ ਨੇਮਾਂ 'ਚ ਪ੍ਰਧਾਨ ਦੀ 67 ਅਤੇ ਮੈਂਬਰਾਂ ਦੀ ਉਮਰ ਹੱਦ 65 ਸਾਲ ਤੈਅ ਕੀਤੀ ਗਈ ਸੀ। ਬਿੱਲ 'ਚ ਕਿਹਾ ਗਿਆ ਹੈ ਕਿ ਜਿਹੜਾ ਵਿਅਕਤੀ 50 ਸਾਲ ਤੋਂ ਘੱਟ ਉਮਰ ਦਾ ਹੈ, ਉਹ ਪ੍ਰਧਾਨ ਜਾਂ ਮੈਂਬਰ ਦੀ ਨਿਯੁਕਤੀ ਦੇ ਯੋਗ ਨਹੀਂ ਹੋਵੇਗਾ।

ਸਾਲ 2025 ਤੱਕ 5,000 ਅਰਬ ਡਾਲਰ ਦਾ ਅਰਥਚਾਰਾ ਲਗਪਗ ਅਸੰਭਵ: ਰਾਜਨ

ਨਵੀਂ ਦਿੱਲੀ- ਭਾਰਤੀ ਰਿਜਰਵ ਬੈਂਕ (ਆਰਬੀਆਈ) ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਅੱਜ ਕਿਹਾ ਕਿ ਬੁਨਿਆਦੀ ਢਾਂਚੇ 'ਤੇ ਖਰਚ ਤੇ ਦੁਨੀਆ ਦੇ ਵੱਡੇ ਅਰਥਚਾਰਿਆਂ ਦੇ ਚੰਗੇ ਪ੍ਰਦਰਸ਼ਨ ਕਾਰਨ ਚਾਲੂ ਵਿੱਤੀ ਸਾਲ 2023-24 ਦੀ ਪਹਿਲੀ ਤਿਮਾਹੀ 'ਚ ਦੇਸ਼ ਦਾ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਤੇਜੀ ਨਾਲ ਵਧਿਆ ਹੈ। ਉਨ੍ਹਾਂ ਇਹ ਵੀ ਆਖਿਆ ਕਿ ਭਾਰਤ ਨੂੰ ਹਾਲੇ ਕਾਫੀ ਕੁਝ ਕਰਨ ਦੀ ਲੋੜ ਹੈ ਅਤੇ 2025 ਤੱਕ 5,000 ਅਰਬ ਡਾਲਰ ਦਾ ਅਰਥਚਾਰਾ ਲਗਪਗ ਅਸੰਭਵ ਹੈ।

ਰਾਜਨ ਨੇ ਅੱਗੇ ਕਿਹਾ ਕਿ ਭਾਰਤ ਦੀ ਵਿਕਾਸ ਦਰ ਮਜਬੂਤ ਹੋਣ ਦੇ ਬਾਵਜੂਦ ਨਿੱਜੀ ਨਿਵੇਸ਼ ਅਤੇ ਨਿੱਜੀ ਖਪਤ ਵਿੱਚ ਤੇਜੀ ਨਹੀਂ ਆਈ ਹੈ। ਉਨ੍ਹਾਂ ਕਿਹਾ, "ਜੇਕਰ ਤੁਸੀਂ ਦੇਖੋ ਕਿ ਅਸੀਂ ਇਸ ਸਾਲ ਇੰਨਾ ਵਧੀਆ ਪ੍ਰਦਰਸ਼ਨ ਕਿਉਂ ਕੀਤਾ ਹੈ, ਤਾਂ ਸਾਡੇ ਵਧੀਆ ਪ੍ਰਦਰਸ਼ਨ ਕਰਨ ਦਾ ਇੱਕ ਕਾਰਨ ਇਹ ਵੀ ਹੈ ਕਿ ਦੁਨੀਆ ਚੰਗਾ ਕਰ ਰਹੀ ਹੈ।" ਉਨ੍ਹਾਂ ਮੁਤਾਬਕ, "ਪਹਿਲੀ ਛਿਮਾਹੀ 'ਚ ਇਸ ਬੇਹੱਦ ਮਜਬੂਤ ਵਿਕਾਸ ਦਾ ਦੂਜਾ ਕਾਰਨ ਬੁਨਿਆਦੀ ਢਾਂਚੇ 'ਤੇ ਬਹੁਤ ਜ਼ਿਆਦਾ ਸਰਕਾਰੀ ਖਰਚ ਹੈ।" ਡੀਪੀ ਵਿਕਾਸ ਦਰ 7.6 ਫੀਸਦ ਰਹੀ ਹੈ। ਸਾਬਕਾ ਗਵਰਨਰ ਨੇ ਆਖਿਆ ਕਿ ਲੰਘੇ ਚਾਰ ਸਾਲਾਂ 'ਚ ਭਾਰਤੀ ਅਰਥਚਾਰਾ ਸਾਲਾਨਾ ਔਸਤਨ ਲਗਪਗ 4 ਫੀਸਦ ਦੀ ਦਰ ਨਾਲ ਵਧਿਆ ਹੈ ਪਰ "ਇਹ ਸਾਡੀ ਵਿਕਾਸ ਸਮਰੱਥਾ ਛੇ ਫੀਸਦ ਤੋਂ ਕਾਫੀ ਘੱਟ ਹੈ" ਉਨ੍ਹਾਂ ਕਿਹਾ, "ਤੁਸੀਂ ਕਹਿੰਦੇ ਹੋ ਮਹਿੰਗਾਈ ਦਰ ਕੰਟਰੋਲ ਵਿੱਚ ਹੈ।

Kool Cakes

Cakes for all occasions
We make cakes with or without eggs, vegan and gluten free in a variety of flavours. Available same day.
Design and Order Your Cakes
Online @ www.koolcakes.uk
Customer service 020 7052 5152
Email us sales@koolcakes.uk
* Delivery available on request
T's & C's apply
Heston Branch
9 Central Parade,
New Heston Road,
Heston, Middlesex TW5 0LQ
Tel: 020 8577 6393
Kingsbury Branch
2 Honeypot Lane,
Kingsbury,
London NW9 9QD
Tel: 020 8204 3949

ਅਮਰੀਕੀ ਸੰਸਦ ਦੀ ਚੋਣ ਲੜਨ ਵਾਲੀ ਭਾਰਤੀ ਦਾ ਕਸ਼ਮੀਰ ਕੋਨੈਕਸ਼ਨ

ਵੈਨਕੂਵਰ: ਅਮਰੀਕਾ 'ਚ ਭਾਰਤੀ ਮੂਲ ਦੀ ਔਰਤ ਕ੍ਰਿਸਟਲ ਕੌਲ ਨੇ ਅਮਰੀਕੀ ਸੰਸਦ ਮੈਂਬਰ ਦੀ ਚੋਣ ਲੜਨ ਦਾ ਐਲਾਨ ਕੀਤਾ ਹੈ। ਉਹ ਅਮਰੀਕਾ ਦੇ ਸੂਬੇ ਵਰਜੀਨੀਆ ਤੋਂ ਅਮਰੀਕੀ ਪ੍ਰਤੀਨਿਧੀ ਸਭਾ ਲਈ ਚੋਣ ਲੜਨਗੇ। ਕ੍ਰਿਸਟਲ ਕੌਲ ਮੂਲ ਰੂਪ ਤੋਂ ਭਾਰਤ ਦੇ ਕਸ਼ਮੀਰ ਦੀ ਰਹਿਣ ਵਾਲੀ ਹੈ। ਉਸ ਦੇ ਪਿਤਾ ਕਸ਼ਮੀਰੀ ਹਨ। ਕ੍ਰਿਸਟਲ ਅਗਲੇ ਸਾਲ 2024 'ਚ ਅਮਰੀਕਾ 'ਚ ਹੋਣ ਵਾਲੀਆਂ ਆਮ ਚੋਣਾਂ 'ਚ ਰਾਸ਼ਟਰਪਤੀ ਬਾਇਡਨ ਦੀ ਡੈਮੋਕ੍ਰੈਟਿਕ ਪਾਰਟੀ ਵੱਲੋਂ ਚੋਣ ਲੜਨਗੇ। ਜੇਕਰ ਉਹ ਇਹ ਸੰਸਦੀ ਚੋਣ ਜਿੱਤ ਜਾਂਦੀ ਹੈ ਤਾਂ ਉਹ ਪ੍ਰਮਿਲਾ ਜੈਪਾਲ ਤੋਂ ਬਾਅਦ ਅਮਰੀਕੀ ਹੇਠਲੇ ਸਦਨ 'ਚ ਪਹੁੰਚਣ ਵਾਲੀ ਭਾਰਤੀ ਮੂਲ ਦੀ ਦੂਜੀ ਅਮਰੀਕੀ ਮਹਿਲਾ ਬਣ ਜਾਵੇਗੀ। ਹੁਣ ਪ੍ਰਮਿਲਾ ਜੈਪਾਲ ਦੀ ਭੈਣ ਸੁਸ਼ੀਲਾ ਜੈਪਾਲ ਵੀ ਚੋਣ ਦੌੜ 'ਚ ਸ਼ਾਮਿਲ ਹੈ। ਉਹ ਔਰੇਗਨ ਤੋਂ ਸੰਸਦੀ ਚੋਣ ਲੜਨ ਜਾ ਰਹੀ ਹੈ।

ਕ੍ਰਿਸਟਲ ਪਹਿਲਾਂ ਹੀ ਸਪੱਸ਼ਟ ਕਰ ਚੁੱਕੀ ਹੈ ਕਿ ਚੋਣ ਜਿੱਤਣ ਤੋਂ ਬਾਅਦ ਉਹ ਸਿੱਖਿਆ, ਸਿਹਤ ਅਤੇ ਜਨਤਕ ਸੁਰੱਖਿਆ ਦੇ ਮੁੱਦਿਆਂ 'ਤੇ ਧਿਆਨ ਦੇਵੇਗੀ। ਉਨ੍ਹਾਂ ਦੀ ਚੋਣ ਮੁਹਿੰਮ ਵੀ ਇਸੇ ਮੁੱਦੇ 'ਤੇ ਆਧਾਰਿਤ ਹੋਵੇਗੀ। ਕ੍ਰਿਸਟਲ ਨੇ ਕਿਹਾ ਕਿ ਉਸ ਦਾ ਵਰਜੀਨੀਆ ਦੇ 10ਵੇਂ ਕਾਂਗਰੈਸ਼ਨਲ ਡਿਸਟ੍ਰਿਕਟ ਲਈ ਚੋਣ ਲੜਨ ਦਾ ਫ਼ੈਸਲਾ ਡੈਮੋਕ੍ਰੈਟਿਕ ਕਾਂਗਰਸ ਵੂਮੇਨ ਜੈਨੀਫ਼ਰ ਵੇਕਸਟਨ ਦੇ ਫ਼ੈਸਲੇ ਦਾ ਪਾਲਣ ਕਰਦੀ ਹੈ। ਵਰਜੀਨੀਆ ਰਾਜ 'ਚ ਭਾਰਤੀ ਮੂਲ ਦੇ ਅਮਰੀਕੀ ਨਾਗਰਿਕਾਂ ਅਤੇ ਦੱਖਣੀ ਏਸ਼ੀਆਈਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਰਾਜ ਹੈ। ਲੌਡੌਨ ਕਾਊਂਟੀ, ਫ਼ੇਅਰਫ਼ੈਕਸ ਕਾਊਂਟੀ ਅਤੇ ਪ੍ਰਿੰਸ ਵਿਲੀਅਮਜ਼ ਕਾਊਂਟੀ ਵਰਗੇ ਖੇਤਰਾਂ 'ਚ ਸਭ ਤੋਂ ਵੱਧ ਭਾਰਤੀਆ ਦੀ ਆਬਾਦੀ ਹੈ। ਕ੍ਰਿਸਟਲ ਕੌਲ ਅਤੇ ਸੁਸ਼ੀਲਾ ਜੈਪਾਲ ਦੋਵੇਂ ਡੈਮੋਕ੍ਰੈਟਿਕ ਪਾਰਟੀ ਵਲੋਂ ਚੋਣ ਲੜਨਗੀਆਂ। 2024 ਦੀਆਂ ਆਮ ਚੋਣਾਂ 'ਚ ਪਾਰਟੀ ਦਾ ਉਮੀਦਵਾਰ ਬਣਨ ਲਈ, ਉਸ ਨੂੰ ਪਹਿਲਾਂ ਪਾਰਟੀ ਦੀ ਪ੍ਰਾਇਮਰੀ ਚੋਣ ਜਿੱਤਣੀ ਪਵੇਗੀ। ਕ੍ਰਿਸਟਲ ਨੂੰ ਹਿੰਦੀ, ਪੰਜਾਬੀ, ਉਰਦੂ ਅਤੇ ਅਰਬੀ ਸਮੇਤ ਕੁੱਲ ਅੱਠ ਭਾਸ਼ਾਵਾਂ ਦਾ ਗਿਆਨ ਹੈ। ਉਹ ਵਿਦੇਸ਼ ਨੀਤੀ ਅਤੇ ਰਾਸ਼ਟਰੀ ਸੁਰੱਖਿਆ ਨਾਲ ਜੁੜੇ ਮਾਮਲਿਆਂ 'ਚ ਚੰਗੀ ਤਰ੍ਹਾਂ ਜਾਣੂ ਹੈ।ਕਿਸਟਲ ਕੌਲ ਦਾ ਜਨਮ ਨਿਊ ਯੌਰਕ 'ਚ ਹੋਇਆ ਸੀ। ਉਸ ਦੇ ਪਿਤਾ ਕਸ਼ਮੀਰ ਦੇ ਵਸਨੀਕ ਸਨ ਅਤੇ 26 ਸਾਲ ਦੀ ਉਮਰ 'ਚ ਅਮਰੀਕਾ 'ਚ ਵੱਸ ਗਏ ਸਨ। ਕ੍ਰਿਸਟਲ ਦੀ ਮਾਂ ਦਿੱਲੀ ਦੀ ਰਹਿਣ ਵਾਲੀ ਸੀ ਅਤੇ ਜਦੋਂ ਉਹ ਸੱਤ ਸਾਲ ਦੀ ਸੀ ਤਾਂ ਅਮਰੀਕਾ ਚਲੀ ਗਈ ਸੀ। ਜਦੋਂ ਕ੍ਰਿਸਟਲ ਕੌਲ 17 ਸਾਲਾਂ ਦੀ ਸੀ ਤਾਂ ਉਹ ਕਾਲਜ ਦੀ ਪੜ੍ਹਾਈ ਲਈ ਵਾਸ਼ਿੰਗਟਨ DC ਚਲੀ ਗਈ। ਉਸ ਨੇ ਅਮਰੀਕਨ ਯੂਨੀਵਰਸਿਟੀ ਤੋਂ BA, ਬ੍ਰਾਊਨ ਯੂਨੀਵਰਸਿਟੀ ਤੋਂ MA ਅਤੇ ਜੌਨਸ ਹੌਪਕਿਨਜ਼ ਯੂਨੀਵਰਸਿਟੀ ਤੋਂ ਆਪਣੀ Double MA ਪ੍ਰਾਪਤ ਕੀਤੀ। ਉਸ ਨੇ ਬ੍ਰਾਊਨ ਯੂਨੀਵਰਸਿਟੀ ਤੋਂ ਰਾਜਨੀਤੀ ਸ਼ਾਸਤਰ 'ਚ PhD ਵੀ ਕੀਤੀ ਹੈ। ਉਹ ਹਿੰਦੀ, ਪੰਜਾਬੀ, ਦਾਰੀ, ਉਰਦੂ ਅਤੇ ਅਰਬੀ ਸਮੇਤ ਅੱਠ ਭਾਸ਼ਾਵਾਂ 'ਚ ਨਿਪੁੰਨ ਹੈ। ਉਸ ਕੋਲ ਰਾਸ਼ਟਰੀ ਸੁਰੱਖਿਆ 'ਚ ਮੁਹਾਰਤ ਹੈ। ਉਸ ਨੇ ਡਿਫ਼ੈਂਸ ਥ੍ਰੈਟ ਰਿਡਕਸ਼ਨ ਏਜੰਸੀ, ਅਮਰੀਕੀ ਹਵਾਈ ਸੈਨਾ ਲਈ ਰਣਨੀਤਕ ਸੰਚਾਰ ਦੇ ਨਿਰਦੇਸ਼ਕ, ਅਤੇ ਜਨਰਲ ਡਾਇਨੈਮਿਕਸ ਇਨਫ਼ੌਰਮੇਸ਼ਨ ਟੈਕਨੌਲੋਜੀ ਲਈ ਨੇਟੋ ਦੇ ਡਾਇਰੈਕਟਰ ਵਜੋਂ ਰੱਖਿਆ ਵਿਭਾਗ 'ਚ ਵੀ ਸੇਵਾ ਕੀਤੀ ਹੈ।

ਚੋਣ ਲੜਨ ਦੇ ਆਪਣੇ ਫ਼ੈਸਲੇ ਦਾ ਐਲਾਨ ਕਰਦਿਆਂ ਕ੍ਰਿਸਟਲ ਨੇ ਇਹ ਵੀ ਕਿਹਾ ਕਿ ਸਿੱਖਿਆ, ਸਿਹਤ ਅਤੇ ਜਨਤਕ ਸੁਰੱਖਿਆ ਤਿੰਨ ਮੁੱਖ ਮੁੱਦੇ ਹਨ। ਉਹ ਆਪਣੀ ਚੋਣ ਮੁਹਿੰਮ ਇਨ੍ਹਾਂ 'ਤੇ ਕੇਂਦਰਿਤ ਕਰੇਗੀ। ਇਸ ਦੌਰਾਨ ਰਾਸ਼ਟਰੀ ਸੁਰੱਖਿਆ ਦੇ ਮੁੱਦੇ 'ਤੇ ਉਸ ਨੇ ਇਹ ਵੀ ਕਿਹਾ ਕਿ ਉਹ ਅਤਿਵਾਦ ਦਾ ਮੁਕਾਬਲਾ ਕਰਨ ਲਈ ਬਹੁਤ ਸਖ਼ਤ ਰੁਖ਼ ਅਪਨਾਏਗੀ।

ਜ਼ਰੂਰੀ ਬੇਨਤੀ

ਲੇਖਕਾਂ ਨੂੰ ਸਨਿਮਰ ਬੇਨਤੀ ਹੈ ਕਿ ਮਨ ਜਿੱਤ ਵਿਚ ਛਪਣ ਵਾਲੀਆਂ ਰਚਨਾਵਾਂ ਨੂੰ ਭੇਜਣ ਸਮੇਂ ਕ੍ਰਿਪਾ ਕਰ ਕੇ ਸਾਫ ਸੁਥਰਾ ਇਕ ਪਾਸੇ ਹੀ ਲਿਖਿਆ ਜਾਵੇ, ਬਹੁਤ ਸਾਰੀਆਂ ਰਚਨਾਵਾਂ ਇਕ ਵਾਰੀ ਭੇਜਣ ਦੀ ਬਜਾਇ ਇਕ ਸਮੇਂ ਇਕ ਹੀ ਰਚਨਾ ਭੇਜੀ ਜਾਵੇ ਅਤੇ ਜੇ ਮੇਰੇ ਪਿਆਰੇ ਲੇਖਕ ਬੁਰਾ ਨਾ ਮਨਾਉਣ ਤਾਂ ਜਿਹੜੀ ਰਚਨਾ ਮਨ ਜਿੱਤ ਨੂੰ ਭੇਜੀ ਹੈ, ਉਹ ਉਸੇ ਸਮੇਂ ਕਿਸੇ ਹੋਰ ਅਖ਼ਬਾਰ ਨੂੰ ਨਾ ਭੇਜੀ ਜਾਵੇ ਅਤੇ ਆਪਣਾ ਪੂਰਾ ਪਤਾ ਸੰਪਰਕ ਨੰਬਰ ਸਮੇਤ ਵੀ ਲਿਖੋ। ਮਨ ਜਿੱਤ ਅਦਾਰਾ ਤੁਹਾਡੇ ਇਸ ਸਹਿਯੋਗ ਲਈ ਅਤਿ ਧੰਨਵਾਦੀ ਹੋਵੇਗਾ।

-ਮੁੱਖ ਸੰਪਾਦਕ

GTA ਵਿੱਚ ਹਿੰਦੀ ਫ਼ਿਲਮਾਂ ਵਿਖਾਉਣ ਵਾਲੇ ਤਿੰਨ ਸਿਨੇਮਾਘਰਾਂ 'ਚ ਛਿੜਕਿਆ ਅਣਪਛਾਤਾ

ਟੋਰੌਂਟੋ: ਗ੍ਰੇਟਰ ਟੋਰੌਂਟੋ ਦੇ ਤਿੰਨ ਵੱਖ-ਵੱਖ ਇਲਾਕਿਆਂ ਵ੍ਹੌਨ, ਬਰੈਂਪਟਨ ਅਤੇ ਸਕਾਰਬਰੋ 'ਚ ਹਿੰਦੀ ਫ਼ਿਲਮਾਂ ਵਿਖਾਉਣ ਵਾਲੇ ਤਿੰਨ ਸਿਨੇਮਾਘਰਾਂ 'ਤੇ ਕੁੱਝ ਨਕਾਬਪੋਸ਼ ਵਿਅਕਤੀਆਂ ਵਲੋਂ ਇੱਕ ਅਣਪਛਾਤੇ ਪਦਾਰਥ ਦਾ ਛਿੜਕਾਅ ਕੀਤਾ ਗਿਆ। ਉਸ ਤੋਂ ਬਾਅਦ ਦਰਸ਼ਕਾਂ ਨੂੰ ਬਾਹਰ ਕੱਢਿਆ ਗਿਆ। ਪਦਾਰਥ ਦੇ ਸੰਪਰਕ 'ਚ ਆਏ ਕੁੱਝ ਵਿਅਕਤੀਆਂ ਦਾ ਇਲਾਜ ਕੀਤਾ ਗਿਆ। CCTV ਫੁਟੇਜ 'ਚ ਨਕਾਬਪੋਸ਼ ਵਿਅਕਤੀ ਨਜ਼ਰ ਆਏ, ਜਿਸ ਦੇ ਆਧਾਰ 'ਤੇ ਪੁਲੀਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਘਟਨਾ ਇਸ ਹਫ਼ਤੇ ਦੀ ਸ਼ੁਰੂ 'ਚ ਵਾਪਰੀ। ਕੈਨੇਡਾ ਦੀ ਯੌਰਕ ਰੀਜਨਲ ਪੁਲੀਸ ਨੇ ਦੱਸਿਆ ਕਿ ਇੱਕ ਘਟਨਾ ਰਾਤ ਕਰੀਬ 9.20 ਵਜੇ ਵ੍ਹੌਨ ਦੇ ਇੱਕ ਸਿਨੇਮਾ ਕੌਂਪਲੈਕਸ 'ਚ ਵਾਪਰੀ। ਮਾਸਕ ਪਹਿਨੇ ਦੋ ਵਿਅਕਤੀਆਂ ਨੇ ਸਿਨੇਮਾ ਹਾਲ 'ਚ ਇੱਕ ਅਣਜਾਣ ਪਦਾਰਥ ਦਾ ਛਿੜਕਾਅ ਕੀਤਾ, ਜਿਸ ਕਾਰਨ ਫ਼ਿਲਮ ਵੇਖਣ ਆਏ ਲੋਕਾਂ ਨੂੰ ਖੰਘ ਲੱਗ ਗਈ। ਘਟਨਾ ਸਮੇਂ ਸਿਨੇਮਾ ਹਾਲ ਅੰਦਰ ਤਕਰੀਬਨ 200 ਦਰਸ਼ਕ ਮੌਜੂਦ ਸਨ। ਉੱਥੇ ਇੱਕ ਹਿੰਦੀ ਫ਼ਿਲਮ ਵਿਖਾਈ ਜਾ ਰਹੀ ਸੀ। ਪੀੜਤ ਦਰਸ਼ਕਾਂ ਦਾ ਇਲਾਜ ਕੀਤਾ ਗਿਆ।

MANN JITT WEEKLY

Chief Patron:
Mr. Balbir S, Lalli
B.A.(Hons),LLB(Hons),DIP M.R.S.
Patrons:
Mr.Kabaljit S. Sandhu(DBK Estate)
Mr.Dalbir S. Sandhu(Landmark Group)
Mr.Nirmal S. Rahal(O.T.L Mids.Ltd)
Chief Adviser:
Balbir S. Sekhon(Pamal)
Advisers:
Mr.K.S.S.Anand
Mr.Baldev S. Gill (Shere Punjab)
Mr.Shalbinder S. Mallee(Leamington)
Mr.Joginder S Dhesian Sang
Editor in Chief:Karam S. Karam
Editor:Karwinder S. Raikoti
Features Editor:
Manpreet Daroch
General Manager:
Raj Singh
I.T. Manager:
Tina Kaur
Distribution Manager:
Saab Bhati
Co-ordinator:
Mohan S. Mastana
Advertisement:
0121 526 6099
Head Office:
267 Darlaston Road,
Darlaston,West Mids WS10 7TG
www.mannjittweekly.co.uk
Email:mannjittweekly@aol.com
www.mannjittweeklyonline,com

ਪਰਚੇ ਵਿਚ ਲੇਖਕਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਮਨ ਜਿੱਤ ਸਮੂਹ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।
Mann Jitt Ltd. aim to make sure all services provided by those who advertise in this publication are genuine. However we are not liable for the services they provide. Mann Jitt Ltd. does not endorse any products or services advertised in the publication. advertiser's statements are independent of Mann Jitt Ltd. We do not accept responsibility for any unsolicited comments, photos or artwork. Mann Jitt Ltd. accepts no liability for any losses or damages occurred to any company, oraganisation or persons due to any advertisement or article in Mann Jitt weekly. Please seek legal advice before buying, hiring or contraction through any advertisements published.

ਚੀਨ ਦੇ ਪ੍ਰਦੂਸ਼ਿਤ ਸ਼ਹਿਰ 75 ਤੋਂ ਘਟ ਕੇ ਹੋ ਗਏ 16

ਬੀਜਿੰਗ: ਚੀਨ ਨੇ ਪ੍ਰਦੂਸ਼ਣ ਕੰਟਰੋਲ 'ਚ ਕਮਾਲ ਕਰ ਦਿਖਾਇਆ ਹੈ। ਏਅਰ ਕੁਆਲਿਟੀ ਟ੍ਰੈਕਰ ਦੀ ਰਿਪੋਰਟ 'ਚ ਇਹ ਖ਼ੁਲਾਸਾ ਹੋਇਆ ਹੈ। ਲਗਭਗ ਛੇ ਸਾਲ ਪਹਿਲਾਂ ਚੀਨ ਦੇ ਸ਼ਹਿਰ ਦੁਨੀਆਂ 'ਚ ਸਭ ਤੋਂ ਵੱਧ ਪ੍ਰਦੂਸ਼ਿਤ ਸਨ। 2017 'ਚ ਏਅਰ ਕੁਆਲਿਟੀ ਟਰੈਕਰ ਐਕਿਊਏਅਰ ਨੇ ਚੀਨ ਦੇ 75 ਸ਼ਹਿਰਾਂ ਅਤੇ ਭਾਰਤ ਦੇ 17 ਸ਼ਹਿਰਾਂ ਨੂੰ ਦੁਨੀਆਂ 'ਚ ਸਭ ਤੋਂ ਖ਼ਰਾਬ ਹਵਾ ਗੁਣਵੱਤਾ ਵਾਲੇ ਸ਼ਹਿਰਾਂ ਦੀ ਸੂਚੀ 'ਚ ਸ਼ਾਮਿਲ ਕੀਤਾ ਸੀ, ਪਰ ਹੁਣ ਛੇ ਸਾਲਾਂ ਬਾਅਦ ਇਹ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ। ਸਾਲ 2022 'ਚ 100 ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ 'ਚੋਂ 65 ਭਾਰਤ ਦੇ ਸਨ ਜਦੋਂ ਕਿ ਸਿਰਫ਼ 16 ਚੀਨ ਦੇ ਸਨ। ਚੀਨ ਨੇ ਗੱਡੀਆਂ ਅਤੇ ਕੋਲਾ ਪਾਵਰ ਪਲਾਂਟਾਂ ਦੀ ਗਿਣਤੀ ਘਟਾ ਕੇ ਸਥਿਤੀ ਨੂੰ ਸੁਧਾਰਿਆ ਹੈ।

ਇੱਕ ਰਿਪੋਰਟ ਮੁਤਾਬਕ 9 ਨਵੰਬਰ ਤੋਂ ਪਹਿਲਾਂ 30 ਦਿਨਾਂ 'ਚ ਦਿੱਲੀ 'ਚ PM 2.5 ਦਾ ਔਸਤ ਪੱਧਰ ਬੀਜਿੰਗ ਨਾਲੋਂ 14 ਗੁਣਾ ਵੱਧ ਸੀ। ਕਰੀਬ ਇੱਕ ਦਹਾਕੇ ਪਹਿਲਾਂ ਚੀਨ ਦੇ ਕਈ ਵੱਡੇ ਸ਼ਹਿਰ ਹਵਾ ਪ੍ਰਦੂਸ਼ਣ ਨਾਲ ਜੂਝ ਰਹੇ ਸਨ। ਉੱਥੇ ਦੀ ਗੰਭੀਰ ਸਥਿਤੀ ਦਾ ਖ਼ੁਲਾਸਾ ਅਮਰੀਕੀ ਦੂਤਾਵਾਸ ਵਲੋਂ ਜਾਰੀ ਅੰਕੜਿਆਂ ਤੋਂ ਹੋਇਆ ਸੀ। ਚੀਨ 'ਚ ਆਮ ਲੋਕਾਂ ਦੇ ਪ੍ਰਦਰਸ਼ਨਾਂ ਤੋਂ ਬਾਅਦ 2014 'ਚ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਮੰਨਿਆ ਕਿ ਬੀਜਿੰਗ ਦੀ ਸਭ ਤੋਂ ਵੱਡੀ ਸਮੱਸਿਆ ਹਵਾ ਪ੍ਰਦੂਸ਼ਣ ਹੈ।

ਫ਼ਿਰ ਚੀਨ ਨੇ ਕਈ ਅਹਿਮ ਕਦਮ ਚੁੱਕੇ। ਪ੍ਰਦੂਸ਼ਣ ਨਾਲ ਨਜਿੱਠਣ ਲਈ 22.5 ਲੱਖ ਕਰੋੜ ਰੁਪਏ ਦਾ ਐਮਰਜੈਂਸੀ ਫ਼ੰਡ ਬਣਾਉਣਾ ਚੀਨ ਦਾ ਠੋਸ ਕਦਮ ਸੀ। ਇਸ ਤੋਂ ਇਲਾਵਾ ਚੀਨ ਨੇ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਰਾਸ਼ਟਰੀ ਪੱਧਰ ਦਾ ਮੈਗਾ ਐਕਸ਼ਨ ਪਲੈਨ ਬਣਾਇਆ ਹੈ। ਬੀਜਿੰਗ, ਸ਼ੈਂਘਾਈ ਅਤੇ ਗੁਆਂਗਜ਼ੂ ਵਰਗੇ ਵੱਡੇ ਸ਼ਹਿਰਾਂ 'ਚ ਵਾਹਨਾਂ ਦੀ ਗਿਣਤੀ ਨੂੰ ਕੰਟਰੋਲ ਕੀਤਾ। ਲੋਹਾ ਅਤੇ ਸਟੀਲ ਉਦਯੋਗਾਂ ਵਰਗੇ ਭਾਰੀ ਉਦਯੋਗਾਂ ਲਈ ਪ੍ਰਦੂਸ਼ਣ 'ਤੇ ਸਖ਼ਤ ਨਿਯਮ ਬਣਾਏ। ਚੀਨ ਨੇ ਕਈ ਕੋਲਾ ਪਾਵਰ ਪਲਾਂਟ ਬੰਦ ਕਰ ਦਿੱਤੇ ਹਨ ਅਤੇ ਅਜਿਹੇ ਨਵੇਂ ਬਣਾਉਣ 'ਤੇ ਵੀ ਪਾਬੰਦੀ ਲਗਾ ਦਿੱਤੀ।

ਤੁਹਾਨੂੰ ਦੱਸ ਦੇਈਏ ਕਿ ਪਿਛਲੇ ਹਫ਼ਤੇ ਭੰਝ ਦੀ ਇੱਕ ਰਿਪੋਰਟ 'ਚ ਖ਼ੁਲਾਸਾ ਹੋਇਆ ਸੀ ਕਿ ਭਾਰਤ 'ਚ ਹਰ ਸਾਲ 21 ਲੱਖ ਭਾਰਤੀ ਹਵਾ ਪ੍ਰਦੂਸ਼ਣ ਕਾਰਨ ਮਰਦੇ ਹਨ। ਇਹ ਅੰਕੜਾ 2019 'ਚ ਸਿਰਫ਼ 16 ਲੱਖ ਲੋਕ ਸੀ। ਜੂਨ 'ਚ ਪ੍ਰਕਾਸ਼ਿਤ ਵਿਸ਼ਵ ਬੈਂਕ ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ 'ਚ ਹਰ ਸਾਲ ਵੱਧ ਰਹੇ ਮਾਈਕ੍ਰੋ ਪਾਰਟਿਕਲਜ਼ (ਸੂਖਮ ਕਣਾਂ) ਕਾਰਨ ਦੇਸ਼ ਦੀ GDP ਨੂੰ 0.56% ਦਾ ਸਾਲਾਨਾ ਨੁਕਸਾਨ ਹੁੰਦਾ ਹੈ ਕਿਉਂਕਿ ਇਹ ਮਜ਼ਦੂਰਾਂ ਦੀ ਉਤਪਾਦਕਤਾ ਨੂੰ ਘਟਾਉਂਦਾ ਹੈ। ਸ਼ਿਕਾਗੋ ਯੂਨੀਵਰਸਿਟੀ ਦੇ ਐਨਰਜੀ ਪੌਲਿਸੀ ਇੰਸਟੀਚਿਊਟ ਅਨੁਸਾਰ ਚੀਨ ਦੇ ਫ਼ੈਸਲਿਆਂ ਨਾਲ 2013 ਤੋਂ 2021 ਤਕ ਚੀਨ 'ਚ ਹਵਾ ਪ੍ਰਦੂਸ਼ਣ 'ਚ 42.3% ਦੀ ਕਮੀ ਆਈ ਹੈ। ਚੀਨ ਦੇ ਪ੍ਰਦੂਸ਼ਣ 'ਚ ਕਮੀ ਦੇ ਕਾਰਨ, ਵਿਸ਼ਵ 'ਚ ਵੀ ਪ੍ਰਦੂਸ਼ਣ 'ਚ ਕਮੀ ਦੇਖੀ ਗਈ ਹੈ।

ਕੈਨੇਡਾ 'ਚ ਪੰਜਾਬ ਨਾਲ ਸਬੰਧਤ ਕਾਰੋਬਾਰੀਆਂ ਤੋਂ ਮੰਗੀ ਫ਼ਿਰੌਤੀ

ਵੈਨਕੂਵਰ: ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਸਰੀ, ਐਬਸਫ਼ੋਰਡ ਅਤੇ ਲੈਂਗਲੀ 'ਚ ਪੰਜਾਬ ਨਾਲ ਸਬੰਧਤ ਕੁੱਝ ਵਪਾਰਕ ਅਦਾਰਿਆਂ ਦੇ ਮਾਲਕਾਂ ਨੂੰ 20 ਲੱਖ ਡਾਲਰ ਫ਼ਿਰੌਤੀ ਦੇਣ ਦੇ ਪੱਤਰ ਮਿਲੇ ਹਨ ਜਿਨ੍ਹਾਂ ਦੀ ਪੁਲੀਸ ਜਾਂਚ ਕਰ ਰਹੀ ਹੈ। ਇਨ੍ਹਾਂ ਪੱਤਰਾਂ ਦੀਆਂ ਕਾਪੀਆਂ ਸੋਸ਼ਲ ਮੀਡੀਆ 'ਤੇ ਵੀ ਘੁੰਮ ਰਹੀਆਂ ਹਨ। ਪੱਤਰਾਂ ਦੀ ਸ਼ੁਰੂਆਤ ਧਾਰਮਿਕ ਨਾਮ ਨਾਲ ਕੀਤੀ ਗਈ ਹੈ ਅਤੇ ਪੱਤਰ ਨੂੰ ਜਾਅਲੀ ਨਾ ਸਮਝਣ ਦੀ ਚਿਤਾਵਨੀ ਦਿੱਤੀ ਗਈ ਹੈ। ਪੁਲੀਸ ਨੂੰ ਸੂਚਨਾ ਦਿੱਤੇ ਜਾਣ 'ਤੇ ਨਤੀਜੇ ਭੁਗਤਣ ਬਾਰੇ ਲਿਖਿਆ ਗਿਆ ਹੈ। ਸਾਰੇ ਪੱਤਰ ਇੱਕੋ ਤਰ੍ਹਾਂ ਦੇ ਹੋਣ ਕਾਰਨ

ਸਮਝਿਆ ਜਾ ਰਿਹਾ ਹੈ ਕਿ ਇੱਕੋ ਪੱਤਰ ਦੀਆਂ ਕਾਪੀਆਂ ਕਰਵਾ ਕੇ ਵਪਾਰੀਆਂ ਨੂੰ ਭੇਜੀਆਂ ਜਾ ਰਹੀਆਂ ਹਨ ਜਿਸ 'ਚ ਫ਼ਿਰੌਤੀ ਦੀ ਰਕਮ ਕੈਨੇਡਾ ਜਾਂ ਭਾਰਤ 'ਚ ਦਿੱਤੇ ਜਾਣ ਦਾ ਵੀ ਜ਼ਿਕਰ ਹੈ। ਪੱਤਰ 'ਚ ਪਿਛਲੇ ਦਿਨੀਂ ਕੁੱਝ ਘਰਾਂ ਉੱਤੇ ਕੀਤੀ ਗੋਲੀਬਾਰੀ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ ਘਰਾਂ 'ਤੇ ਗੋਲੀਆਂ ਤਾਂ ਚਲਾਈਆਂ ਗਈਆਂ ਕਿਉਂਕਿ ਮਾਲਕਾਂ ਨੇ ਉਨ੍ਹਾਂ ਦੀ ਪਰਵਾਹ ਨਹੀਂ ਸੀ ਕੀਤੀ। ਪੁਲੀਸ ਬੁਲਾਰੇ ਨੇ ਮੰਨਿਆ ਹੈ ਕਿ ਕੁੱਝ ਲੋਕਾਂ ਨੂੰ ਮਿਲੇ ਫ਼ਿਰੌਤੀ ਪੱਤਰਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਉਸ ਨੂੰ ਲਿਖਣ ਤੇ ਭੇਜਣ ਵਾਲਿਆਂ ਦਾ ਪਤਾ ਲਾਇਆ ਜਾ ਰਿਹਾ ਹੈ। ਪਰ ਅਜੇ ਤਕ ਕਿਸੇ ਵਲੋਂ ਫ਼ਿਰੌਤੀ ਦਿੱਤੇ ਜਾਣ ਦੀ ਕੋਈ ਸੂਚਨਾ ਨਹੀਂ।

ਸੰਪਾਦਕ ਦੇ ਨਾਮ ਖ਼ਤ

ਮਾਣ ਯੋਗ ਵੀਰ ਜੀ,
ਸਤਿ ਸ੍ਰੀ ਅਕਾਲ।

ਪਿਛਲੇ ਅੰਕ ਵਿੱਚ ਤੁਹਾਡੀ ਲਿਖੀ 'ਬਾਬਾ ਸੈਣ ਜੀ' ਬਾਰੇ ਕਵਿਤਾ ਪੜ੍ਹਕੇ ਬਹੁਤ ਆਨੰਦ ਆਇਆ ਜੋ ਕਿ ਤੁਸੀਂ ਇੱਕ ਲੜੀ ਵਿੱਚ ਸੁੱਚੇ ਮੋਤੀਆਂ ਵਾਂਗ ਪ੍ਰੋਈ ਹੈ।ਇੱਕ ਗਰੀਬ ਕ੍ਰਿਤੀ ਸੱਚੇ ਮਨ ਨਾਲ ਅਕਾਲ ਪੁਰਖ ਦੀ ਸਾਜੀ ਮਨੁੱਖਤਾ ਦੀ, ਸੱਚੇ ਦਿਲੋਂ ਨਿਸ਼ਕਾਮ ਸੇਵਾ ਕਰਦਾ ਹੋਇਆ ਕਿਵੇਂ ਅਕਾਲ ਪੁਰਖ ਪ੍ਰਭੂ ਦੇ ਨਜ਼ਦੀਕ ਹੋ ਜਾਂਦਾ ਹੈ ਅਤੇ ਅਜਿਹੇ ਤਨ ਅਤੇ ਮਨ ਅਰਪਣ ਕਰਨ ਵਾਲੇ ਵਿਅਕਤੀ ਦੇ ' ਸੰਤਾਂ ਕੇ ਕਾਰਜ ਆਪ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ'।ਅਨੁਸਾਰ ਪ੍ਰਮਾਤਮਾ ਆਪ ਹੀ ਸਾਰੇ ਕੰਮ ਸੰਵਾਰਦਾ ਹੋਇਆ ਸੇਵਕ ਦੀ ਲਾਜ ਰੱਖ ਲੈਂਦਾ ਹੈ।ਜਿਸਤਰ੍ਹਾਂ ਤੁਸੀਂ ਕਵਿਤਾ ਰਾਹੀਂ ਸੰਦਰ ਤ੍ਰੀਕੇ ਨਾਲ ਦੱਸਿਆ ਹੈ ਕਿ 'ਬਾਬਾ ਸੈਣ ਜੀ' ਦੀ ਜਗ੍ਹਾ ਆਪ ਖ਼ੁਦ ਪ੍ਰਮਾਤਮਾ ਰਾਜੇ ਦੀ ਸੇਵਾ ਕਰਦਾ ਰਿਹਾ ਅਤੇ ਇਸ ਸੇਵਾ ਤੋਂ ਅਨੰਦਿਤ ਹੋਕੇ ਕਿਸ ਤਰ੍ਹਾਂ ਇੱਕ ਅਮੀਰ ਰਾਜੇ ਨੇ ਮਹਿਸੂਸ ਕੀਤਾ ਕਿ ਉਹ ਰਾਜਾ ਬਣਕੇ ਵੀ ਉਹ ਇਹ ਪਦਵੀ ਪ੍ਰਾਪਤ ਨਹੀਂ ਕਰ ਸਕਿਆ ਜਿਵੇਂ ਇੱਕ ਸਾਫ਼ ਦਿਲ ਕ੍ਰਿਤੀ, ਸੱਚਾ ਸੇਵਕ ਬਣਕੇ ਕਰ ਗਿਆ।"ਮੈਂ ਰਾਜਾ ਬਣਕੇ ਹਾਰਿਆ ਤੂੰ ਸੇਵਕ ਬਣ ਜੀਤਾ"

ਵੀਰ ਜੀ, ਵੈਸੇ ਤਾਂ ਤੁਹਾਡੀਆਂ ਸਾਰੀਆਂ ਰਚਨਾਵਾਂ ਪੜ੍ਹਨਯੋਗ ਅਤੇ ਸਿੱਖਿਆਦਾਇਕ ਹੁੰਦੀਆਂ ਹਨ ਪਰ ਪਤਾ ਨਹੀਂ ਕਿਉਂ ਮੇਰਾ ਇਸ ਕਵਿਤਾ ਨੂੰ ਵਾਰ ਵਾਰ ਪੜ੍ਹਨ ਨੂੰ ਦਿਲ ਕਰਦਾ ਹੈ।ਅੰਤ ਵਿੱਚ ਮੈਂ ਤੁਹਾਡੀ ਲੰਬੀ ਆਯੂ ਅਤੇ ਤੰਦਰੁਸਤ ਸਿਹਤ ਲਈ ਦੁਆ ਕਰਦੀ ਹਾਂ ਕਿ ਪ੍ਰਮਾਤਮਾ ਤੁਹਾਨੂੰ ਹੋਰ ਵੀ ਸੁਮੱਤ ਬਖ਼ਸ਼ੇ ਅਤੇ ਤੁਸੀਂ ਇਸੇ ਤਰ੍ਹਾਂ ਸੇਵਾ ਕਰਦੇ ਰਹੋ।

ਆਪ ਜੀ ਦੀ ਭੈਣ,
ਮਨਜੀਤ ਕੌਰ 'ਰਤਨ'

ਸ. ਜੌਹਲ ਅਤੇ ਸ. ਧਾਮੀ ਦਾ ਧੰਨਵਾਦ

ਗੁਰੂ ਨਾਨਕ ਸਿੱਖ ਗੁਰਦਵਾਰਾ, ਵਿਲਨਹਾਲ ਦੇ ਨਿਸ਼ਕਾਮ ਸੇਵਾਦਾਰ ਜੱਥੇਦਾਰ ਅਨੇਕ ਸਿੰਘ ਜੌਹਲ ਅਤੇ ਜੱਥੇਦਾਰ ਸ਼ਿੰਗਾਰਾ ਸਿੰਘ ਧਾਮੀ ਨੇ ਮਨ ਜਿੱਤ ਰਾਹੀਂ ਹੋ ਰਹੀ ਪੰਜਾਬੀ ਮਾਂ ਬੋਲੀ ਦੀ ਸੇਵਾ ਨੂੰ ਸੁਲਾਹੁੰਦਿਆਂ ਪਰਚੇ ਲਈ ਮਾਲੀ ਸਹਾਇਤਾ ਭੇਜੀ ਹੈ।ਉਨ੍ਹਾਂ ਮਨ ਜਿੱਤ ਦੇ ਮੁੱਖ ਸੰਪਾਦਕ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਪਰਚੇ ਨੇ ਗੁਰੂ ਸਿਧਾਂਤ ਅਨੁਸਾਰ ਹਮੇਸ਼ਾਂ ਮਨੁੱਖਤਾ ਨੂੰ ਇੱਕ ਅਕਾਲ ਪੁਰਖ ਵਿੱਚ ਵਿਸ਼ਵਾਸ਼ ਰੱਖਣ, 'ਸਭੈ ਸ਼ਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਓ॥', 'ਜੋ ਦੀਸੈ ਸੋ ਤੇਰਾ ਰੂਪ ਗੁਣ ਨਿਧਾਨ ਗੋਬਿੰਦ ਅਨੂਪ॥' ਅਤੇ 'ਮੰਦਾ ਕਿਸੇ ਨਾ ਆਖੀਐ॥' ਦੇ ਅਣਮੋਲ ਸੁਨੇਹੇਂ ਦੇ ਦੇਕੇ ਮਨੁੱਖ ਨੂੰ ਵਧੀਆ ਇਨਸਾਨ ਬਣਨ ਲਈ ਪ੍ਰੇਰਿਆ ਹੈ।ਉਨ੍ਹਾਂ ਅੱਗੇ ਬੋਲਦਿਆਂ ਕਿਹਾ ਕਿ ਇਸੇ ਕਰਕੇ ਗੁਰੂ ਘਰ ਦੀਆਂ ਸੰਗਤਾਂ, ਹਮੇਸ਼ਾਂ ਇਸ ਪਰਚੇ ਨੂੰ ਪੜ੍ਹਕੇ ਆਨੰਦ ਮਾਣਦੀਆਂ ਸਨ ਪਰ ਜਦੋਂ ਦਾ ਇਹ ਛਪਣੋ ਬੰਦ ਹੋਇਆ ਸੰਗਤਾਂ ਮੁੜ ਇਸ ਨੂੰ ਹੱਥਾਂ ਵਿੱਚ ਲੈਕੇ ਪੜ੍ਹਨ ਨੂੰ ਲੋਚਦੀਆਂ ਹਨ।ਮਨ ਜਿੱਤ ਨੇ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਬੇਨਤੀ ਕੀਤੀ ਕਿ ਅੱਜਕਲ ਮਹਿੰਗਾਈ ਵਧਣ ਕਾਰਨ ਪਰਚੇ ਦੀ ਛਪਾਈ ਕਰਨੀ ਕੁੱਝ ਔਖੀ ਹੈ ਅਤੇ ਹੁਣ ਇੰਟਰਨੈੱਟ ਦਾ ਯੁੱਗ ਹੋ ਜਾਣ ਕਾਰਨ ਇਸ ਪਰਚੇ ਨੂੰ ਜਦੋਂ ਮਰਜ਼ੀ 'ਮਨਜਿੱਤਵੀਕਲੀ.ਕੋ .ਯੂਕੇ (mannjittweekly.co.uk) ਤੇ ਪੜ੍ਹਿਆ ਜਾ ਸਕਦਾ ਹੈ।ਪਰਚੇ ਨੂੰ ਪਿਆਰ ਕਰਨ ਵਾਲੀਆਂ ਸਮੂਹ ਸੰਗਤਾਂ ਦਾ ਤਹਿਦਿਲੋਂ ਧੰਨਵਾਦ।

ਜੇ ਤੁਸੀਂ ਹੇਠ ਲਿਖੀਆਂ ਤਕਲੀਫਾਂ:-

ਜਿਵੇਂ ਧਰੂਨ, ਚੁੱਕ, ਸਲਿੱਪ ਡਿਸਕ, ਜੋੜਾਂ ਦਾ ਉਤਰਨਾ, ਬੈਕ ਜਾਂ ਗਰਦਨ ਦੀ ਤਕਲੀਫ, ਮਾਈਗ੍ਰੇਨ, ਸਿਰ ਦਰਦ, ਸਟਰੈੱਸ ਜਾਂ ਐਂਗਜ਼ਾਇਟੀ, ਬਲੱਡ ਸਰਕੂਲੇਸ਼ਨ ਜਾਂ ਮਰਦਾਨਾ ਕਮਜ਼ੋਰੀ ਆਦਿ ਤੋਂ ਪੀੜਤ ਹੋ।
ਤਾਂ ਹੇਠ ਲਿਖੇ ਨੰਬਰ ਤੇ ਸੰਪਰਕ ਕਰੋ।

Mr. Singh 07721 827 977

ਇਹ ਸੇਵਾ ਤੁਹਾਡੇ ਘਰ ਆਕੇ ਵੀ ਕੀਤੀ ਜਾ ਸਕਦੀ ਹੈ।
ਦੇਖਿਓ ਕਿਵੇਂ ਫਾਇਦਾ ਪਹੁੰਚਦਾ।
ਸਾਨੂੰ ਜੱਦੀ ਬਖ਼ਸ਼ ਹੈ।

ਸਕਾਈਵੇਜ਼ ਟਰੈਵਲ ਬਰਮਿੰਘਮ

ਅਸੀਂ ਦੁਨੀਆਂ ਭਰ ਵਿੱਚ ਜਾਣ ਲਈ ਸਸਤੀਆਂ ਹਵਾਈ ਟਿਕਟਾਂ ਦੇ ਨਾਲ ਨਾਲ ਹੇਠ ਲਿਖੀਆਂ ਸੇਵਾਵਾਂ ਵੀ ਦਿੰਦੇ ਹਾਂ ਜਿਵੇਂ:-

1. SPONSORSHIP DECLARATION.
2. Accommodation arrangement Worldwide.
3. Affidavits. Wills. Power of Attorneys.
4. Certify Documents.

ਅਸੀਂ ਤੁਹਾਨੂੰ ਸਹੀ ਸਰਕਾਰੀ ਭੱਤੇ ਜਾਂ ਫਾਇਦੇ ਦਿਵਾਉਣ ਵਿੱਚ ਮੱਦਦ ਕਰ ਸਕਦੇ ਹਾਂ ਜਿਨ੍ਹਾਂ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਨਹੀਂ ਅਤੇ ਬਣਦੇ ਫਾਇਦਿਆਂ ਤੋਂ ਵਾਂਝੇ ਹੋ।
ਇਹ ਫਾਇਦਾ ਉਠਾਉਣ ਜਾਂ ਸਲਾਹ ਲੈਣ ਲਈ Mr. Khan ਨੂੰ ਇਸ ਨੰਬਰ ਤੇ 07966 137 043 ਜਾਂ Mr. Sandhi ਨੂੰ 07960 518 986 ਤੇ ਸੰਪਰਕ ਕਰੋ।

SKYWAYS TRAVEL BIRMINGHAM LTD.
274B Soho Road, Handsworth B21 9LX
Contact: Mr. & Mrs. Sandhi
Email:skywaystravel1007@hotmail.com
Tel:0121 523 3050(3lines) Or 08456 441 740(3lines)

ਪਾਕਿ 'ਚ ਲੁੱਕੇ ਭਾਰਤ ਦੇ ਅਪਰਾਧੀ ਦਹਿਸ਼ਤ ਕਾਰਨ ਬਦਲ ਰਹੇ ਨੇ ਟਿਕਾਣੇ

ਕਰਾਚੀ: ਪਾਕਿਸਤਾਨ 'ਚ ਲੁੱਕ ਕੇ ਬੈਠੇ ਭਾਰਤ ਦੇ 48 ਮੋਸਟ ਵਾਂਟੇਡ ਅਪਰਾਧੀਆਂ ਦੀ ਕਾਊਂਟਡਾਊਨ ਗਿਣਤੀ ਚੱਲ ਰਹੀ ਹੈ। ਹੁਣ ਤਕ ਪਾਕਿਸਤਾਨ 'ਚ ਅਣਪਛਾਤੇ ਬੰਦੂਕਧਾਰੀਆਂ ਹੱਥੋਂ ਭਾਰਤ ਦੇ 22 ਮੋਸਟ ਵਾਂਟੇਡ ਮਾਰੇ ਜਾ ਚੁੱਕੇ ਹਨ। ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ISI ਦੇ ਸੇਫ਼ ਹਾਊਸ 'ਚ ਰਹਿ ਰਹੇ ਇਨ੍ਹਾਂ ਅਤਿਵਾਦੀਆਂ ਦੇ ਮੋਬਾਇਲ ਫ਼ੋਨਜ਼ ਬੰਦ ਹਨ ਅਤੇ ਉਹ ਨਮਾਜ਼ਾਂ ਅਦਾ ਕਰਨ ਲਈ ਮਸਜਿਦਾਂ 'ਚ ਵੀ ਨਹੀਂ ਜਾ ਰਹੇ। ਡਰ ਦੇ ਮਾਰੇ ਇਹ ਅਤਿਵਾਦੀ ਆਪਣਾ ਟਿਕਾਣੇ ਬਦਲ ਕੇ ਦੂਜੇ ਦੇਸ਼ਾਂ ਨੂੰ ਭੱਜਣ ਦੀ ਕੋਸ਼ਿਸ਼ ਕਰ ਰਹੇ ਹਨ। ISI ਫ਼ਰਜ਼ੀ ਦਸਤਾਵੇਜ਼ਾਂ ਨਾਲ ਉਨ੍ਹਾਂ ਦੇ ਪਾਸਪੋਰਟ ਬਣਵਾ ਰਹੀ ਹੈ।

ਟੌਪ ਫ਼ਾਈਵ ਮੋਸਟ ਵਾਂਟੇਡ

1. ਦਾਊਦ ਇਬਰਾਹਿਮ D Company ਦਾ ਬਦਨਾਮ ਨੇਤਾ ਅਤੇ 1993 ਦੇ ਮੁੰਬਈ ਬੰਬ ਧਮਾਕਿਆਂ ਦਾ ਦੋਸ਼ੀ ਹੈ। ਕਈ ਸਾਲਾਂ ਤੋਂ ਕਰਾਚੀ 'ਚ ਲੁੱਕਿਆ ਹੋਇਆ ਹੈ। ਭਾਰਤ ਦੀ ਮੋਸਟ ਵਾਂਟੇਡ ਲਿਸਟ 'ਚ ਸਿਖਰ 'ਤੇ ਹੈ। ਇੰਟਰਪੋਲ ਤੋਂ ਵੀ ਵਾਂਟੇਡ ਹੈ।

2. ਹਾਫ਼ਿਜ਼ ਸਈਦ ਅਤਿਵਾਦੀ ਸੰਗਠਨ ਲਸ਼ਕਰ ਦਾ ਮੁੱਖੀ, ਮੁੰਬਈ 26/11 ਦਾ ਮਾਸਟਰ ਮਾਈਂਡ ਹੈ। ਉਹ ਭਾਰਤ ਦੀ ਮੋਸਟ ਵਾਂਟੇਡ ਲਿਸਟ 'ਚ ਦੂਜੇ ਨੰਬਰ 'ਤੇ ਹੈ। ਇਸ 'ਤੇ ਅਮਰੀਕਾ ਨੇ 83 ਕਰੋੜ ਰੁਪਏ ਦਾ ਇਨਾਮ ਰੱਖਿਆ ਹੈ।

3. ਮਸੂਦ ਅਜ਼ਹਰ ਜੈਸ਼ ਦਾ ਨੇਤਾ ਅਤੇ 2001 ਦੇ ਸੰਸਦ ਹਮਲੇ ਦਾ ਮਾਸਟਰ ਮਾਈਂਡ ਹੈ। ਉਸ ਨੂੰ ਸੰਯੁਕਤ ਰਾਸ਼ਟਰ ਨੇ ਵੀ ਅਤਿਵਾਦੀ ਐਲਾਨਿਆ ਹੋਇਆ ਹੈ।

4. ਮੁੰਬਈ ਹਮਲਿਆਂ ਦੀ ਸਾਜ਼ਿਸ਼ 'ਚ ਸ਼ਾਮਿਲ ਟਾਈਗਰ ਮੇਮਨ। ਭਾਰਤ ਸਮੇਤ ਇੰਟਰਪੋਲ ਤੋਂ ਵਾਂਟੇਡ ਹੈ।

5. ਹਿਜ਼ਬੁਲ ਮੁਜਾਹਿਦੀਨ ਦਾ ਨੇਤਾ ਸਈਅਦ ਸਲਾਹੁਦੀਨ ਕਸ਼ਮੀਰ 'ਚ ਅਤਿਵਾਦ 'ਚ ਸ਼ਾਮਿਲ ਰਿਹਾ।

ਭਾਰਤ ਦਾ ਇੱਕ ਹੋਰ ਵਾਂਟੇਡ ਢੇਰ

ਕਰਾਚੀ ਊਧਮਪੁਰ 'ਚ BSF ਦੇ ਇੱਕ ਕਾਫ਼ਿਲੇ ਉੱਤੇ 2015 'ਚ ਹੋਏ ਹਮਲੇ ਦੇ ਮਾਸਟਰ ਮਾਈਂਡ ਹੰਜਲਾ ਅਦਨਾਨ ਦੀ ਕਰਾਚੀ 'ਚ ਉਸ ਦੇ ਘਰ ਦੇ ਬਾਹਰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਲਸ਼ਕਰ ਦੇ ਨੇਤਾ ਮੌਲਾਨਾ ਹਾਫ਼ਿਜ਼ ਸਈਦ ਦਾ ਕਰੀਬੀ ਅਦਨਾਨ ਇੱਥੇ ਲੁੱਕਿਆ ਹੋਇਆ ਸੀ। 3 ਦਸੰਬਰ ਦੀ ਰਾਤ ਨੂੰ ਬਾਈਕ ਸਵਾਰ ਹਮਲਾਵਰਾਂ ਨੇ ਭਾਰਤ 'ਚ ਵਾਟੇਂਡ ਅਦਨਾਨ 'ਤੇ ਚਾਰ ਗੋਲੀਆਂ ਚਲਾਈਆਂ ਅਤੇ ਭੱਜ ਗਏ। ਅਦਨਾਨ ਨੂੰ ਕਰਾਚੀ ਦੇ ਪਾਕਿਸਤਾਨ ਆਰਮੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਅਦਨਾਨ ਕਸ਼ਮੀਰ 'ਚ ਅਤਿਵਾਦ ਦੀਆਂ ਕਈ ਘਟਨਾਵਾਂ 'ਚ ਸ਼ਾਮਿਲ ਸੀ। ਪਿਛਲੇ ਦੋ ਸਾਲਾਂ ਤੋਂ ਅਦਨਾਨ POK 'ਚ ਲਸ਼ਕਰ ਦਾ ਸਿਖਲਾਈ ਕੈਂਪ ਵੀ ਚਲਾ ਰਿਹਾ ਸੀ।

ਬਰੈਂਪਟਨ 'ਚ ਸਥਾਪਿਤ ਹੋਵੇਗੀ ਹਨੂਮਾਨ ਜੀ ਦੀ ਸਭ ਤੋਂ ਵੱਡੀ ਮੂਰਤੀ



ਬਰੈਂਪਟਨ: ਇੱਕ ਮਸ਼ਹੂਰ ਭਾਰਤੀ ਮੂਰਤੀਕਾਰ ਵਲੋਂ ਕੈਨੇਡਾ ਦੇ ਸ਼ਹਿਰ ਬਰੈਂਪਟਨ 'ਚ ਹਨੂਮਾਨ ਦੀ ਇੱਕ ਵਿਸ਼ਾਲ ਮੂਰਤੀ ਬਣਾਈ ਜਾ ਰਹੀ ਹੈ ਜੋ ਇੱਕ ਵਾਰ ਮੁਕੰਮਲ ਹੋਣ ਤੋਂ ਬਾਅਦ ਹਿੰਦੂ ਦੇਵਤਾ ਸ਼੍ਰੀ ਹਨੂਮਾਨ ਜੀ ਦੀ ਕੈਨੇਡਾ 'ਚ ਸਭ ਤੋਂ ਵੱਡੀ ਮੂਰਤੀ ਹੋਵੇਗੀ। ਜਦੋਂ ਤੁਸੀਂ ਬਰੈਂਪਟਨ 'ਚ ਗੋਰ ਰੋਡ ਤੋਂ ਹੇਠਾਂ ਗੱਡੀ ਚਲਾ ਰਹੇ ਹੋਵੋਗੇ ਤਾਂ ਹੋ ਸਕਦਾ ਹੈ ਕਿ ਤੁਹਾਡੀ ਨਜ਼ਰ ਹਿੰਦੂ ਸਭਾ ਮੰਦਰ ਦੇ ਬਾਹਰ 55-ਫ਼ੁੱਟ-ਉੱਚੀ ਮੂਰਤੀ 'ਤੇ ਪੈ ਜਾਵੇ।

ਫ਼ਿਲਹਾਲ ਮੂਰਤੀ ਦਾ ਅਧਿਕਾਰਿਕ ਤੌਰ 'ਤੇ ਉਦਘਾਟਨ ਨਹੀਂ ਕੀਤਾ ਗਿਆ, ਪਰ ਸੋਸ਼ਲ ਮੀਡੀਆ 'ਤੇ ਉਸ ਮੂਰਤੀ ਦੀਆਂ ਫ਼ੋਟੋਆਂ ਅਤੇ ਵੀਡੀਓਜ਼ ਪੋਸਟ ਕਰਨ ਤੋਂ ਯੂਜ਼ਰਜ਼ ਨੂੰ ਕੋਈ ਨਹੀਂ ਰੋਕ ਸਕਿਆ। ਇਹ ਮੂਰਤੀ 'ਚ 200 ਤੋਂ ਵੱਧ ਮੂਰਤੀਆਂ ਹਨੂਮਾਨ ਜੀ ਦੀ ਹੈ ਜੋ ਹਿੰਦੂ ਮਹਾਂਕਾਵਿ ਰਾਮਾਇਣ ਅਤੇ ਮਹਾਂਭਾਰਤ 'ਚ ਪ੍ਰਗਟ ਹੁੰਦੇ ਹਨ। ਇਸ ਨੂੰ ਭਾਰਤੀ ਮੂਰਤੀਕਾਰ ਨਰੇਸ਼ ਕੁਮਾਵਤ ਦੁਆਰਾ ਡਿਜ਼ਾਈਨ ਕੀਤਾ ਗਿਆ ਜਿਸ ਨੇ 80 ਦੇਸ਼ਾਂ ਬਣਾਈਆਂ ਹਨ।

ਇਸ ਮੂਰਤੀਕਾਰ ਦੁਆਰਾ ਡਿਜ਼ਾਈਨਡ ਆਰਟ 'ਚ ਕੈਨੇਡਾ ਵਿਚਲੀਆਂ ਮੂਰਤੀਆਂ ਅਤੇ ਦਿੱਲੀ 'ਚ ਸੰਸਦ ਭਵਨ ਦੇ ਬਾਹਰ ਇੱਕ ਕੰਧ ਚਿੱਤਰ ਵੀ ਸ਼ਾਮਿਲ ਹਨ। ਮੂਰਤੀਕਾਰ ਨਰੇਸ਼ ਕੁਮਾਵਤ ਦੇ ਇੰਸਟਾਗ੍ਰਾਮ ਪੇਜ 'ਤੇ ਪੋਸਟ ਕੀਤੀ ਗਈ ਇੱਕ ਵੀਡੀਓ 'ਚ ਹਨੂਮਾਨ ਜੀ ਦੀ ਇੱਕ ਵਿਸ਼ਾਲ ਮੂਰਤੀ ਦੇ ਕੁਝ ਹਿੱਸਿਆਂ ਨੂੰ ਇੱਕ ਕ੍ਰੇਨ ਦੁਆਰਾ ਸਥਾਨਪਨਾ ਵਾਲੀ ਜਗ੍ਹਾ 'ਤੇ ਉਤਾਰਿਆ ਜਾ ਰਿਹਾ ਹੈ। ਜਦੋਂ ਕਿ ਇਹ ਮੂਰਤੀ ਪਹਿਲਾਂ ਤੋਂ ਹੀ ਸਥਾਨਕ ਹਿੰਦੂ ਸਭਾ ਮੰਦਰ ਦੇ ਬਾਹਰ ਮੌਜੂਦ ਹੈ, ਪਰ ਅਧਿਕਾਰਿਕ ਤੌਰ 'ਤੇ ਇਸ ਨੂੰ 23 ਅਪ੍ਰੈਲ 2024 ਨੂੰ ਹਨੂਮਾਨ ਜਯੰਤੀ ਮੌਕੇ ਸੰਗਤਾਂ ਲਈ ਦਰਸ਼ਨ ਕਰਨ ਵਾਸਤੇ ਖੋਲ੍ਹਿਆ ਜਾਵੇਗਾ।

'ਧੰਨਵਾਦ 'ਚੰਨ' ਸਾਹਿਬ ਮਨ ਜਿੱਤ ਦੇ ਗਿਆਨ'ਚ ਵਾਧਾ ਕਰਨ ਲਈ'

ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਕਿ 'ਚੰਗੀ ਚੀਜ਼ ਨੂੰ ਵੰਡੋ' ਜਿਨੀ ਵੰਡ ਸਕਦੇ ਹੋ ਨੂੰ ਮੁੱਖ ਰੱਖਦੇ ਹੋਏ ਸੰਸਾਰ ਪ੍ਰਸਿੱਧ ਉੱਘੇ ਗੀਤਕਾਰ ਸ. ਤਰਲੋਚਨ ਸਿੰਘ 'ਚੰਨ' ਜੰਡਿਆਲਵੀ, ਜਿਨ੍ਹਾਂ ਦੇ ਗੀਤ ਹੁਣ ਕਈ ਲੋਕ ਗੀਤਾਂ ਦਾ ਰੂਪ ਧਾਰ ਚੁੱਕੇ ਨੇ ਅੱਜ ਮਨ ਜਿੱਤ ਦੇ ਦਫਤਰ ਨਿੱਜੀ ਤੌਰ ਤੇ ਆਏ ।ਆਉਣ ਦਾ ਮਕਸਦ ਉਨ੍ਹਾਂ ਦੱਸਿਆ ਕਿ ਉਹ ਜਿੱਥੇ ਮਨ ਜਿੱਤ ਦੇ ਪਾਠਕਾਂ ਅਤੇ ਲੇਖਕਾਂ ਨੂੰ 'ਵੱਡੇ ਦਿਨ ਕ੍ਰਿਸਮਸ ਅਤੇ ਨਵੇਂ ਸਾਲ ਦੀਆਂ ਵਧਾਈਆਂ ਦੇਣ ਆਏ ਹਨ ਉੱਥੇ ਉਹ ਮਨ ਜਿੱਤ ਵੱਲੋਂ ਹੋ ਰਹੀ ਪੰਜਾਬੀ ਮਾਂ ਬੋਲੀ ਦੀ ਸੇਵਾ ਨੂੰ ਸੁਲਾਹੁਣ ਦੇ ਨਾਲ ਨਾਲ ਪੰਜਾਬੀ ਸਾਹਿਤ ਦੇ ਮਸ਼ਹੂਰ ਕਵੀ 'ਰਜਿੰਦਰ ਪਰਦੇਸੀ' ਦੀ ਕਿਤਾਬ 'ਯਾਰ ਭਰਾਵਾਂ ਵਰਗੇ' ਵੀ ਮਨ ਜਿੱਤ ਦੇ ਗਿਆਨ ਵਿੱਚ ਵਾਧਾ ਕਰਨ ਲਈ ਭੇਟ ਕਰ ਗਏ।

ਮਨ ਜਿੱਤ ਅਦਾਰਾ 'ਚੰਨ' ਸਾਹਿਬ ਜੀ ਦਾ ਅਤਿ ਧੰਨਵਾਦੀ ਹੈ ਜੋ ਹਮੇਸ਼ਾਂ ਮਨ ਜਿੱਤ ਦੀ ਚੜ੍ਹਦੀ ਕਲਾ ਲਈ ਤੱਤਪਰ ਰਹਿੰਦੇ ਹਨ, ਅਜਿਹੇ ਪਰਉਪਕਾਰੀ ਕਾਰਜ ਉਹੀ ਕਰ ਸਕਦੇ ਹਨ ਜਿਨ੍ਹਾਂ ਨੂੰ ਮਾਂ ਬੋਲੀ, ਚੰਗੇ ਸੱਭਿਆਚਾਰ ਅਤੇ ਉਸਾਰੂ ਸੋਚ ਵਾਲੇ ਸਾਹਿਤ ਨਾਲ ਪਿਆਰ ਹੋਵੇ।

'ਰਾਜਿੰਦਰ ਪਰਦੇਸੀ' ਜੀ ਦੀਆਂ ਆਹ ਸਤਰਾਂ ਸਲਾਹੁਣਯੋਗ ਹਨ।

"ਸੁਖੀ ਵਸਣ ਸ਼ਾਮ ਸਵੇਰੇ, ਯਾਰ ਭਰਾਵਾਂ ਵਰਗੇ।
ਜੀਵਨ ਦਾ ਸਰਮਾਇਆ ਮੇਰੇ ਯਾਰ ਭਰਾਵਾਂ ਵਰਗੇ"।

"ਦਿਲ ਦੀ ਗੱਲ ਤਾਂ ਸਾਂਝੀ ਤੂੰ ਵੀ ਕਰਿਆ ਕਰ।
ਨਈਂ ਤਾਂ ਕੀ ਸੋਚਣਗੇ ਤੇਰੇ ਯਾਰ ਭਰਾਵਾਂ ਵਰਗੇ"।

ਖ਼ਾਲਿਸਤਾਨੀ ਆਗੂ ਦੇ ਕਤਲ ਦੀ ਸਾਜ਼ਿਸ਼ ਦੇ ਮਾਮਲੇ 'ਚ ਅਮਰੀਕਾ ਵਲੋਂ ਭਾਰਤ ਦੀ ਆਲੋਚਨਾ

ਨਿਊ ਯੌਰਕ: ਅਮਰੀਕਾ ਦੇ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਨਿਊ ਯੌਰਕ 'ਚ ਇੱਕ ਸਿੱਖ ਵੱਖਵਾਦੀ ਨੇਤਾ ਦੇ ਕਤਲ ਦੀ ਸਾਜ਼ਿਸ਼ 'ਚ ਇੱਕ ਭਾਰਤੀ ਅਧਿਕਾਰੀ ਦੇ ਸ਼ਾਮਿਲ ਹੋਣ ਦੇ ਦੋਸ਼ਾਂ ਤੋਂ ਬਾਅਦ ਭਾਰਤ ਦੀ ਆਲੋਚਨਾ ਕੀਤੀ ਹੈ।

ਅਮਰੀਕੀ ਵਕੀਲਾਂ ਨੇ ਇੱਕ ਭਾਰਤੀ ਅਧਿਕਾਰੀ ਦੇ ਉਸ ਵਿਅਕਤੀ ਨਾਲ ਸਬੰਧਾਂ ਦਾ ਖ਼ੁਲਾਸਾ ਕੀਤਾ ਹੈ ਜਿਸ 'ਤੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਹੈ। ਸੰਸਦ ਮੈਂਬਰਾਂ ਨੇ ਇਹ ਗੱਲ ਵਿਦੇਸ਼ ਸਬੰਧਾਂ ਬਾਰੇ ਸੰਸਦੀ ਕਮੇਟੀ ਵਲੋਂ ਅੰਤਰਰਾਸ਼ਟਰੀ ਕੰਟਰੋਲ: ਅਧਿਕਾਰਾਂ ਅਤੇ ਸੁਰੱਖਿਆ ਲਈ ਇੱਕ ਗਲੋਬਲ ਖ਼ਤਰਾ ਵਿਸ਼ੇ 'ਤੇ ਆਯੋਜਿਤ ਇੱਕ ਸਮਾਗਮ 'ਚ ਕਹੀ। ਇਸ ਦਾ ਆਯੋਜਨ ਚੀਨ ਨੂੰ ਕੇਂਦਰ 'ਚ ਰੱਖ ਕੇ ਕੀਤਾ ਗਿਆ ਸੀ, ਪਰ ਕੈਨੇਡਾ ਅਤੇ ਅਮਰੀਕਾ ਦੇ ਦੋਸ਼ਾਂ ਦੇ ਸਬੰਧ 'ਚ ਭਾਰਤ ਦਾ ਕਈ ਵਾਰ ਜ਼ਿਕਰ ਕੀਤਾ ਗਿਆ। ਕਮੇਟੀ ਦੇ ਚੇਅਰਮੈਨ MP ਬੈੱਨ ਕਾਰਡਿਨ ਨੇ ਕਿਹਾ, "ਅਸੀਂ ਨਿਊ ਯੌਰਕ 'ਚ ਇੱਕ ਅਮਰੀਕੀ ਨਾਗਰਿਕ ਦੇ ਕਤਲ ਦੀ ਯੋਜਨਾ 'ਚ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਦੇ ਸ਼ਾਮਿਲ ਹੋਣ ਦੇ ਦੋਸ਼ਾਂ ਬਾਰੇ ਸੁਣਿਆ ਹੈ। ਕੈਨੇਡੀਅਨ ਵੱਖਵਾਦੀ ਸਿੱਖ ਨੇਤਾ ਦੇ ਕਤਲ 'ਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਅਜਿਹੇ ਦੋਸ਼ ਫ਼ਿਰ ਤੋਂ ਸਾਹਮਣੇ ਆਏ ਹਨ ਅਤੇ ਸਾਲ ਦੇ ਸ਼ੁਰੂ 'ਚ ਭਾਰਤ ਸਰਕਾਰ ਨੇ ਦੋਵਾਂ ਕੱਟੜਪੰਥੀ ਸਮੂਹਾਂ ਦੇ ਨੇਤਾਵਾਂ ਨੂੰ ਅਤਿਵਾਦੀ ਘੋਸ਼ਿਤ ਕੀਤਾ ਸੀ।

ਡੈਮੋਕ੍ਰੈਟਿਕ ਸੰਸਦ ਮੈਂਬਰ ਟਿਮ ਕੇਨ ਨੇ ਕਿਹਾ, "ਅਸੀਂ ਅਕਸਰ ਕਹਿੰਦੇ ਹਾਂ ਕਿ ਅਸੀਂ ਦੁਨੀਆਂ ਦਾ ਸਭ ਤੋਂ ਪੁਰਾਣਾ ਲੋਕਤੰਤਰੀ ਦੇਸ਼ ਹਾਂ ਅਤੇ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੈ, ਪਰ ਇਹ ਇੱਕ ਸਨਮਾਨਜਨਕ ਲੋਕਤੰਤਰ ਦਾ ਵਤੀਰਾ ਨਹੀਂ।" ਅਮਰੀਕਾ 'ਚ ਸੰਘੀ ਵਕੀਲਾਂ ਨੇ 29 ਨਵੰਬਰ ਨੂੰ ਦੋਸ਼ ਲਾਇਆ ਸੀ ਕਿ ਨਿਖਿਲ ਗੁਪਤਾ ਨਾਮ ਦੇ ਇੱਕ ਵਿਅਕਤੀ ਨੇ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਨਾਲ ਮਿਲ ਕੇ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚੀ ਸੀ, ਜੋ ਕਿ ਅਸਫ਼ਲ ਰਹੀ। ਪੰਨੂ ਕੋਲ ਅਮਰੀਕਾ ਅਤੇ ਕੈਨੇਡਾ ਦੀ ਨਾਗਰਿਕਤਾ ਹੈ।

ਭਾਰਤ ਨੇ ਇਸ ਨੂੰ ਚਿੰਤਾ ਦਾ ਵਿਸ਼ਾ ਦੱਸਦੇ ਹੋਏ ਉੱਚ ਪੱਧਰੀ ਜਾਂਚ ਦਾ ਐਲਾਨ ਕੀਤਾ ਹੈ ਅਤੇ ਕਿਹਾ ਹੈ ਕਿ ਜਾਂਚ ਕਮੇਟੀ ਦੇ ਨਤੀਜਿਆਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਪੰਜ ਸਾਲਾਂ 'ਚ ਵਿਦੇਸ਼ ਪੜ੍ਹਨ ਗਏ 400 ਤੋਂ ਵੱਧ ਭਾਰਤੀਆਂ ਦੀ ਮੌਤ

ਸਰੀ: ਪੜ੍ਹਾਈ ਲਈ ਵਿਦੇਸ਼ ਗਏ ਭਾਰਤੀ ਵਿਦਿਆਰਥੀਆਂ ਦੀ ਮੌਤਾਂ ਬਾਰੇ ਸਰਕਾਰ ਨੇ ਰਾਜ ਸਭਾ 'ਚ ਹੈਰਾਨ ਕਰਨ ਵਾਲਾ ਤੱਥ ਪੇਸ਼ ਕੀਤਾ ਹੈ। ਪਿਛਲੇ ਪੰਜ ਸਾਲਾਂ 'ਚ 403 ਭਾਰਤੀ ਵਿਦਿਆਰਥੀਆਂ ਦੀ ਵਿਦੇਸ਼ਾਂ 'ਚ ਮੌਤਾਂ ਹੋਈਆਂ ਹਨ। ਸਭ ਤੋਂ ਵੱਧ 91 ਮੌਤਾਂ ਕੈਨੇਡਾ ਅਤੇ 48 ਮੌਤਾਂ ਬ੍ਰਿਟੇਨ 'ਚ ਹੋਈਆਂ ਹਨ। ਇੱਕ ਸਵਾਲ ਦੇ ਜਵਾਬ 'ਚ ਭਾਰਤੀ ਵਿਦੇਸ਼ ਮੰਤਰਾਲਾ ਨੇ ਰਾਜ ਸਭਾ ਨੂੰ ਦੱਸਿਆ ਕਿ ਵਿਦੇਸ਼ਾਂ 'ਚ ਪਿਛਲੇ ਪੰਜ ਸਾਲਾਂ 'ਚ ਜਿੰਨੀਆਂ ਵੀ ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ ਹੋਈਆਂ ਹਨ, ਉਨ੍ਹਾਂ 'ਚ ਕੈਨੇਡਾ ਪਹਿਲੇ ਨੰਬਰ 'ਤੇ ਹੈ। ਕੈਨੇਡਾ 'ਚ ਸਭ ਤੋਂ ਜ਼ਿਆਦਾ 91 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ ਹੈ।

ਵਿਦੇਸ਼ ਮੰਤਰਾਲੇ 'ਚ ਰਾਜ ਮੰਤਰੀ ਵੀ. ਮੁਰਲੀਧਰਨ ਨੇ ਸਦਨ ਨੂੰ ਦੱਸਿਆ ਕਿ ਸਾਲ 2018 ਮਗਰੋਂ ਵਿਦੇਸ਼ਾਂ 'ਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦੀਆਂ 403 ਮੌਤਾਂ ਦਰਜ ਕੀਤੀਆਂ ਗਈਆਂ ਹਨ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਮੌਤਾਂ ਕਈ ਕਾਰਨਾਂ ਤੋਂ ਹੋਈਆਂ ਹਨ ਜਿਨ੍ਹਾਂ 'ਚ ਕੁਦਰਤੀ ਕਾਰਨ, ਸੜਕ ਹਾਦਸਿਆਂ ਅਤੇ ਸਿਹਤ ਨਾਲ ਜੁੜੇ ਕਾਰਨਾਂ ਤੋਂ ਹੋਈਆਂ।

ਰਾਜ ਸਭਾ ਨੂੰ ਜਾਣਕਾਰੀ ਦਿੰਦਿਆਂ ਮੰਤਰੀ ਨੇ ਦੱਸਿਆ ਕਿ ਕੈਨੇਡਾ 'ਚ 91, ਬ੍ਰਿਟੇਨ 'ਚ 48, ਰੂਸ 'ਚ 40, ਅਮਰੀਕਾ 'ਚ 36 ਅਤੇ ਆਸਟ੍ਰੇਲੀਆ 'ਚ 35 ਮੌਤਾਂ ਦਰਜ ਕੀਤੀਆਂ ਗਈਆਂ ਹਨ। ਵਿਦੇਸ਼ ਮੰਤਰਾਲਾ ਵਲੋਂ ਰਾਜ ਸਭਾ ਨੂੰ ਉਪਲੱਬਧ ਕਰਵਾਏ ਗਏ ਅੰਕੜਿਆਂ ਮੁਤਾਬਿਕ 2018 ਅਤੇ 2022 ਵਿੱਚਾਲੇ 5, 67, 607 ਭਾਰਤੀ ਵਿਦਿਆਰਥੀ ਕੈਨੇਡਾ 'ਚ ਪੜ੍ਹਾਈ ਕਰਨ ਗਏ, ਜੋ ਭਾਰਤੀ ਵਿਦਿਆਰਥੀਆਂ ਲਈ ਦੂਜੀ ਸਭ ਤੋਂ ਵੱਡੀ ਗਲੋਬਲ ਮੰਜ਼ਿਲ ਹੈ।

ਪੂਤਿਨ ਵਲੋਂ ਸਖ਼ਤ ਨੀਤੀਆਂ ਲਈ ਮੋਦੀ ਦੀ ਤਾਰੀਫ਼

ਰੀਜਾਈਨਾ: ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਭਾਰਤ ਦੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਖ਼ਤ ਰੁਖ ਬਿਨਾਂ ਕਿਸੇ ਦਬਾਅ ਦੇ ਡਰ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਉਨ੍ਹਾਂ ਵਲੋਂ ਅਪਨਾਈ ਗਈ ਨੀਤੀ ਦੋਹਾਂ ਦੇਸ਼ਾਂ ਦੇ ਵਿਕਾਸਸ਼ੀਲ ਦੁਵੱਲੇ ਸਬੰਧਾਂ ਦੀ ਮੁੱਖ ਗੈਰੰਟਰ ਹੈ।

ਪੂਤਿਨ ਨੇ ਇਹ ਟਿੱਪਣੀ ਰਸ਼ੀਆ ਕਾਲਿੰਗ ਪਲੈਟਫ਼ੌਰਮ 'ਤੇ ਕੀਤੀ। ਰੂਸ ਦੇ ਨੇਤਾ ਨੇ ਕਿਹਾ ਕਿ ਉਹ ਇਹ ਕਲਪਨਾ ਵੀ ਨਹੀਂ ਕਰ ਸਕਦੇ ਕਿ ਮੋਦੀ ਨੂੰ ਡਰਾਇਆ ਜਾਂ ਧਮਕਾਇਆ ਜਾ ਸਕਦਾ ਹੈ ਜਾਂ ਭਾਰਤ ਅਤੇ ਭਾਰਤੀਆਂ ਦੇ ਰਾਸ਼ਟਰੀ ਹਿੱਤਾਂ ਦੇ ਉਲਟ ਹੋਵੇ। ਉਨ੍ਹਾਂ ਕਿਹਾ ਕਿ ਰੂਸ ਅਤੇ ਭਾਰਤ ਦੇ ਸਬੰਧ ਸਾਰੇ ਖੇਤਰਾਂ 'ਚ ਮਜ਼ਬੂਤ ਹੋ ਰਹੇ ਹਨ। ਪੂਤਿਨ ਨੇ ਐਲਾਨ ਕੀਤਾ ਸੀ ਕਿ ਉਹ 2024 'ਚ ਹੋਣ ਵਾਲੀ ਦੇਸ਼ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਅਗਲੀ ਚੋਣ ਵੀ ਲੜਨਗੇ। ਉਨ੍ਹਾਂ ਕਿਹਾ ਕਿ ਉਹ ਮੋਦੀ 'ਤੇ ਗ਼ੈਰ-ਦੋਸਤਾਨਾ ਦੇਸ਼ਾਂ ਦੇ ਪ੍ਰਭਾਵ ਨੂੰ ਸਮਝ ਸਕਦੇ ਹਨ।ਰੂਸੀ ਸਮਾਚਾਰ ਏਜੰਸੀ ਟਾਸ ਮੁਤਾਬਿਕ ਪੂਤਿਨ ਨੇ ਖ਼ੁਲਾਸਾ ਕੀਤਾ ਕਿ ਉਨ੍ਹਾਂ ਅਤੇ ਮੋਦੀ ਨੇ ਕਦੇ ਇਸ ਵਿਸ਼ੇ 'ਤੇ ਚਰਚਾ ਵੀ ਨਹੀਂ ਕੀਤੀ। ਰੂਸੀ ਰਾਸ਼ਟਰਪਤੀ ਨੇ ਕਿਹਾ, "ਮੈਂ ਬਾਹਰੋਂ ਦੇਖਦਾ ਹਾਂ ਕਿ ਕੀ ਹੋ ਰਿਹਾ ਹੈ ਅਤੇ ਸਪੱਸ਼ਟ ਤੌਰ 'ਤੇ ਮੈਂ ਭਾਰਤ ਦੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਉਨ੍ਹਾਂ ਦੇ ਸਖ਼ਤ ਰੁਖ਼ ਨੂੰ ਲੈ ਕੇ ਕਈ ਵਾਰ ਹੈਰਾਨੀ ਹੁੰਦੀ ਹੈ।"

ਪਾਕਿ 'ਚ ਸਰਗਰਮ 100 ਮਹਿਲਾ ਅਤਿਵਾਦੀਆਂ 'ਚੋਂ ਕਈਆਂ ਨੇ ਸੀਰੀਆ ਅਤੇ ਯਮਨ 'ਚ ਲਈ ਟ੍ਰੇਨਿੰਗ

ਮਾਲਟਨ: ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲੱਗਦੇ ਪਾਕਿਸਤਾਨ ਦੇ ਖ਼ੈਬਰ ਪਖ਼ਤੂਨਖਵਾ ਸੂਬੇ 'ਚ ਫ਼ੈਲੀਆਂ ਅਤਿਵਾਦੀ ਘਟਨਾਵਾਂ ਨੂੰ ਲੈ ਕੇ ਹੈਰਾਨ ਕਰਨ ਵਾਲਾ ਖ਼ੁਲਾਸਾ ਹੋਇਆ ਹੈ ਕਿ ਉੱਥੇ 100 ਤੋਂ ਜ਼ਿਆਦਾ ਔਰਤਾਂ ਅਤਿਵਾਦ ਫ਼ੈਲਾਉਣ ਲਈ ਸਰਗਰਮ ਹਨ। ਇਹ ਸਭ ਕੁੱਝ ਲੰਬੇ ਸਮੇਂ ਤੋਂ ਚੱਲ ਰਿਹਾ ਸੀ, ਪਰ ਅਫ਼ਗਾਨਿਸਤਾਨ 'ਚ ਕੱਟੜਪੰਥੀ ਤਾਲਿਬਾਨ ਸਰਕਾਰ ਦੇ ਆਉਣ ਤੋਂ ਬਾਅਦ ਤੇਜ਼ੀ ਆਈ ਹੈ।ਪਾਕਿਸਤਾਨ ਦੇ ਖ਼ੈਬਰ ਪਖ਼ਤੂਨਖਵਾ ਸੂਬੇ ਦੇ ਅਤਿਵਾਦ ਰੋਕੂ ਵਿਭਾਗ (CTD) ਨੇ ਅਤਿਵਾਦੀਆਂ ਅਤੇ ਅਤਿਵਾਦੀਆਂ ਦੀ ਮਦਦ ਕਰਨ ਵਾਲੀਆਂ ਔਰਤਾਂ ਦੀ ਸੂਚੀ ਜਾਰੀ ਕੀਤੀ ਹੈ। ਇਨ੍ਹਾਂ 'ਚੋਂ ਕਈ ਮਹਿਲਾ ਅਤਿਵਾਦੀ ਉਹ ਹਨ ਜੋ ਮੱਧ-ਪੂਰਬੀ ਏਸ਼ੀਆ ਦੇ ਸੀਰੀਆ, ਯਮਨ ਅਤੇ ਇਰਾਕ 'ਚ ਟ੍ਰੇਨਿੰਗ ਲੈ ਕੇ ਵਾਪਸ ਪਰਤੀਆਂ ਹਨ। CTD ਸੂਚੀ 'ਚ ਸ਼ਾਮਿਲ 30 ਔਰਤਾਂ 'ਤੇ ਅਤਿਵਾਦੀ ਘਟਨਾਵਾਂ, 13 ਅਗਵਾ, ਦੋ ਫ਼ਿਰੌਤੀ ਅਤੇ 3-3 'ਤੇ ਟਾਰਗੈੱਟ ਕਿਲਿੰਗਜ਼ ਅਤੇ ਅਤਿਵਾਦੀ ਫ਼ੰਡਿੰਗ 'ਚ ਸ਼ਾਮਿਲ ਹੋਣ ਦਾ ਦੋਸ਼ ਹੈ।

ਇਨ੍ਹਾਂ 'ਚੋਂ ਕੁੱਝ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਪਰ CTD ਦਾ ਕਹਿਣਾ ਹੈ ਕਿ ਏਜੰਸੀਆਂ ਨੂੰ ਮਹਿਲਾ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕਰਨ 'ਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਸ਼ਲੇਸ਼ਕ ਆਮਿਰ ਦਾ ਕਹਿਣਾ ਹੈ ਕਿ ਅਤਿਵਾਦੀ ਹੈਂਡਲਰਾਂ ਲਈ ਪਾਕਿਸਤਾਨ 'ਚ ਕੰਮ ਕਰਨਾ ਮੁਸ਼ਕਿਲ ਹੋ ਗਿਆ ਹੈ। ਇਸੇ ਲਈ ਉਨ੍ਹਾਂ ਨੇ ਔਰਤਾਂ ਨੂੰ ਤਿਆਰ ਕੀਤਾ ਹੈ।

ਪੰਜਾਬ 'ਚ ਵੀ ਦੋ ਦਰਜਨ ਤੋਂ ਵੱਧ ਮਹਿਲਾ ਅਤਿਵਾਦੀ

ਵਿਸ਼ਲੇਸ਼ਕ ਇਲਿਆਸ ਦਾ ਕਹਿਣਾ ਹੈ ਕਿ ਇਸ ਵੇਲੇ CTD ਪੰਜਾਬ ਦੀ ਸੂਚੀ 'ਚ ਦੋ ਦਰਜਨ ਤੋਂ ਵੱਧ ਔਰਤਾਂ ਦੇ ਨਾਂ ਸਾਹਮਣੇ ਆਏ ਹਨ, ਜੋ ਅਤਿਵਾਦੀ ਗਤੀਵਿਧੀਆਂ 'ਚ ਸ਼ਾਮਿਲ ਹੋਣ ਦੇ ਨਾਲ-ਨਾਲ ਉਨ੍ਹਾਂ ਲਈ ਪੈਸੇ ਇਕੱਠੇ ਵੀ ਕਰਦੀਆਂ ਹਨ। CTD ਪੰਜਾਬ ਨੇ 2015 ਦੇ ਬੜਾਬੇਰ ਏਅਰ ਫ਼ੋਰਸ ਸਟੇਸ਼ਨ 'ਤੇ ਹੋਏ ਅਤਿਵਾਦੀ ਹਮਲੇ ਦੇ ਸਬੰਧ 'ਚ ਤਿੰਨ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਪ੍ਰੈਲ 2023 'ਚ ਦੋ ਬੱਚਿਆਂ ਦੀ ਮਾਂ, ਸ਼ੈਰੀ ਬਲੋਚ ਨੇ ਕਰਾਚੀ ਯੂਨੀਵਰਸਿਟੀ 'ਚ ਇੱਕ ਆਤਮਘਾਤੀ ਹਮਲਾ ਕੀਤਾ ਜਿਸ 'ਚ ਚਾਰ ਲੋਕਾਂ ਦੀ ਮੌਤ ਹੋ ਗਈ ਜਿਨ੍ਹਾਂ 'ਚੋਂ ਤਿੰਨ ਚੀਨੀ ਨਾਗਰਿਕ ਸਨ।

ਰਾਮਾਸਵਾਮੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲਾ ਗ੍ਰਿਫ਼ਤਾਰ

ਕੌਨਕੋਰਡ: ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ 'ਚ ਰੀਪਬਲੀਕਨ ਪਾਰਟੀ ਦੇ ਉਮੀਦਵਾਰ ਭਾਰਤੀ ਮੂਲ ਦੇ ਅਮਰੀਕੀ ਨੇਤਾ ਵਿਵੇਕ ਰਾਮਾਸਵਾਮੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ 'ਚ ਨਿਊ ਹੈਂਪਸ਼ਾਇਰ ਦੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਫ਼ੈਡਰਲ ਵਕੀਲਾਂ ਨੇ ਕਿਹਾ ਕਿ ਦੋਸ਼ੀ 'ਤੇ ਮੰਗਲਵਾਰ ਨੂੰ ਹੋਣ ਵਾਲੇ ਪ੍ਰਚਾਰ ਪ੍ਰੋਗਰਾਮ ਤੋਂ ਪਹਿਲਾਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਨੂੰ ਧਮਕੀ ਭਰੇ ਸੰਦੇਸ਼ ਭੇਜਣ ਦਾ ਦੋਸ਼ ਹੈ। ਇਸ ਮੈਸੇਜ 'ਚ ਮੁਲਜ਼ਮ ਨੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਗ੍ਰਿਫ਼ਤਾਰ ਕੀਤੇ ਸ਼ੱਕੀ ਨੇ ਦੋ ਸੰਦੇਸ਼ ਭੇਜੇ ਜਿੰਨ੍ਹਾਂ ਵਿਚੋਂ ਇੱਕ 'ਚ ਉਮੀਦਵਾਰ ਦੇ ਸਿਰ 'ਚ ਗੋਲੀ ਮਾਰਨ ਅਤੇ ਦੂਜੇ 'ਚ ਸਮਾਗਮ 'ਚ ਮੌਜੂਦ ਸਾਰੇ ਲੋਕਾਂ ਨੂੰ ਮਾਰਨ ਦੀ ਧਮਕੀ ਦਿੱਤੀ ਗਈ ਸੀ।

ਅਮਰੀਕੀ ਅਟਾਰਨੀ ਦਫ਼ਤਰ ਨੇ ਉਮੀਦਵਾਰ ਦੇ ਨਾਂ ਦਾ ਖ਼ੁਲਾਸਾ ਨਹੀਂ ਕੀਤਾ, ਪਰ ਰਾਮਾਸਵਾਮੀ ਦੇ ਬੁਲਾਰੇ ਨੇ ਕਿਹਾ ਕਿ ਸੰਦੇਸ਼ 'ਚ ਉਨ੍ਹਾਂ ਦੀ ਚੋਣ ਮੁਹਿੰਮ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਡਿਪਟੀ ਕਮਿਊਨੀਕੇਸ਼ਨ ਡਾਇਰੈਕਟਰ ਸਟੀਫ਼ਨ ਮਾਈਚਾਜ਼ਲੀਵ ਨੇ ਇੱਕ ਬਿਆਨ 'ਚ ਕਿਹਾ, "ਅਸੀਂ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਧੰਨਵਾਦੀ ਹਾਂ ਜਿਸ ਤਰ੍ਹਾਂ ਉਨ੍ਹਾਂ ਨੇ ਇਸ ਮਾਮਲੇ ਨੂੰ ਸੰਭਾਲਿਆ ਅਤੇ ਸਾਰੇ ਅਮਰੀਕੀਆਂ ਦੀ ਸੁਰੱਖਿਆ ਦੀ ਕਾਮਨਾ ਕਰਦੇ ਹਾਂ।" ਡੋਵਰ ਦੇ 30 ਸਾਲਾ ਟਾਇਲਰ ਐਂਡਰਸਨ ਨੂੰ ਹੁਣ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ 'ਤੇ ਧਮਕੀ ਭਰੇ ਸੰਦੇਸ਼ ਭੇਜਣ ਦਾ ਦੋਸ਼ ਹੈ। ਅਦਾਲਤ 'ਚ ਸ਼ੁਰੂਆਤੀ ਸੁਣਵਾਈ ਦੌਰਾਨ ਦੋਸ਼ੀ ਨੇ ਜੱਜ ਦੇ ਸਾਹਮਣੇ ਕੁਝ ਨਹੀਂ ਕਿਹਾ। ਉਸ ਦੇ ਅਦਾਲਤ ਦੁਆਰਾ ਨਿਯੁਕਤ ਵਕੀਲ ਨੇ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਚੁੱਕੇ Animal ਫ਼ਿਲਮ ਦੇ ਕੁਝ ਦ੍ਰਿਸ਼ਾਂ 'ਤੇ ਸਵਾਲ

ਵੈਨਕੂਵਰ: ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਫ਼ਿਲਮ ਐਨੀਮਲ ਦੇ ਕੁੱਝ ਦ੍ਰਿਸ਼ਾਂ 'ਤੇ ਇਤਰਾਜ਼ ਜਤਾਉਂਦੇ ਹੋਏ ਉਨ੍ਹਾਂ ਨੂੰ ਸਿੱਖ ਭਾਵਨਾਵਾਂ ਦਾ ਅਪਮਾਨ ਕਰਨ ਵਾਲਾ ਕਰਾਰ ਦਿੱਤਾ ਹੈ ਅਤੇ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ ਨੂੰ ਉਨ੍ਹਾਂ ਨੂੰ ਕੱਟਣ ਦੀ ਬੇਨਤੀ ਕੀਤੀ ਹੈ।

AISSF ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ, ਜਿਸ ਨੇ CBFC ਨੂੰ ਇੱਕ ਪੱਤਰ ਲਿਖਿਆ, ਨੇ ਦਾਅਵਾ ਕੀਤਾ ਕਿ ਫ਼ਿਲਮ 'ਚ ਕਈ ਇਤਰਾਜ਼ਯੋਗ ਦ੍ਰਿਸ਼ ਹਨ। ਦਰਅਸਲ ਕਲਾਈਮੈਕਸ 'ਚ ਰਣਬੀਰ ਕਪੂਰ ਨੂੰ ਇੱਕ ਗੁਰਸਿੱਖ ਵਿਅਕਤੀ ਦੇ ਚਿਹਰੇ 'ਤੇ ਧੂੰਆਂ ਉਡਾਉਂਦੇ ਹੋਏ ਅਤੇ ਬਾਅਦ 'ਚ ਇੱਕ ਸਿੱਖ ਦੀ ਦਾੜ੍ਹੀ 'ਤੇ ਕਸਾਈ ਵਾਲਾ ਚਾਕੂ ਰੱਖਦੇ ਹੋਏ ਦਿਖਾਇਆ ਗਿਆ ਹੈ। ਫ਼ਿਲਮ 'ਚ ਕਬੀਰ ਸ਼ਬਦ ਨੂੰ ਵਿਕ੍ਰਿਤ ਕੀਤਾ ਗਿਆ ਹੈ। ਇਸੇ ਤਰ੍ਹਾਂ ਅਰਜਨ ਵੈਲੀ ਨਾਂ ਦੇ ਪਾਤਰ ਨੂੰ ਗੁੰਡੇ ਦੇ ਰੂਪ 'ਚ ਦਿਖਾਇਆ ਗਿਆ ਹੈ।

ਦੂਜੀ ਸੰਸਾਰ ਜੰਗ ਦੌਰਾਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਦਾ ਸ਼ਰਧਾਂਜਲੀ ਸਮਾਗਮ

ਨਾਇਆਗਰਾ: ਇਟਲੀ 'ਚ ਪਿਛਲੇ ਲੰਬੇ ਸਮੇਂ ਤੋਂ ਦੂਜੀ ਸੰਸਾਰ ਜੰਗ ਦੌਰਾਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਦੇ ਸ਼ਰਧਾਂਜਲੀ ਸਮਾਗਮ ਵਰਲਡ ਸਿੱਖ ਸ਼ਹੀਦ ਮਿਲਟਰੀ ਯਾਦਗਾਰੀ ਕਮੇਟੀ ਵਲੋਂ ਕਰਵਾਏ ਜਾ ਰਹੇ ਹਨ। ਇਟਲੀ ਵਲੋਂ ਇਟਾਲੀਅਨ ਇੰਡੀਅਨ ਪੰਜਾਬੀ ਪ੍ਰੈਸ ਕਲੱਬ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਕਿ ਸਾਲ 2023 ਦਾ ਆਖਰੀ ਸ਼ਰਧਾਂਜਲੀ ਸਮਾਗਮ ਇਟਲੀ ਦੇ ਫ਼ਾਏਂਸਾ ਸ਼ਹਿਰ ਵਿਖੇ ਉੱਥੋਂ ਦੇ ਸਥਾਨਕ ਪ੍ਰਸ਼ਾਸਨ ਦੀ ਮਦਦ ਨਾਲ 16 ਦਸੰਬਰ 2023 ਨੂੰ ਕਰਵਾਇਆ ਜਾ ਰਿਹਾ ਹੈ।

ਫ਼ਾਏਂਸਾ ਸ਼ਹਿਰ ਦੇ ਪਿਆਸਾ ਦੈਲ ਪੋਪੋਲੋ ਵਿਖੇ 16 ਦਸੰਬਰ ਨੂੰ ਸ਼ਹੀਦੀ ਸਮਾਰਕ 'ਤੇ ਸਵੇਰੇ 10.15 ਵਜੇ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ। ਯਾਦ ਰਹੇ ਕਿ ਇਹ ਪ੍ਰੋਗਰਾਮ ਇਟਾਲੀਅਨ ਤੋਂ ਇਲਾਵਾ ਉਨ੍ਹਾਂ ਸਿੱਖ ਫ਼ੌਜੀਆਂ ਦੀ ਯਾਦ 'ਚ ਕਰਵਾਇਆ ਜਾਂਦਾ ਹੈ ਜੋ ਕਿ ਦੂਜੇ ਵਿਸ਼ਵ ਜੰਗ ਦੌਰਾਨ ਫ਼ਾਏਂਸਾ ਸ਼ਹਿਰ ਨੂੰ ਆਜ਼ਾਦ ਕਰਵਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਦੇ ਹੋਏ ਸਿੱਖ ਧਰਮ ਦਾ ਨਾਮ ਇਟਲੀ ਦੇ ਇਤਿਹਾਸ 'ਚ ਸੁਨਹਿਰੀ ਅੱਖਰਾਂ 'ਚ ਦਰਜ ਕਰਵਾ ਗਏ ਸਨ। ਕਮੇਟੀ ਵਲੋਂ ਇਟਲੀ 'ਚ ਵੱਸਦੇ ਸਾਰੇ ਪੰਜਾਬੀ ਅਤੇ ਭਾਰਤੀ ਭਾਈਚਾਰੇ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਸ਼ਰਧਾਂਜਲੀ ਸਮਾਗਮ 'ਚ ਪਹੁੰਚੋ ਅਤੇ ਇਟਾਲੀਅਨ ਲੋਕਾਂ ਵਲੋਂ ਕੀਤੇ ਜਾਂਦੇ ਮਾਣ-ਸਨਮਾਨ ਦੀ ਝਲਕ ਆਪਣੀਆਂ ਨਜ਼ਰਾਂ ਨਾਲ ਵੇਖੋ।

ਇਤਿਹਾਸ ਦੇ ਸਭ ਤੋਂ ਵੱਡੇ ਛਾਪੇ ਮਗਰੋਂ ਦੋ ਕਮਰਿਆਂ 'ਚੋਂ ਮਿਲੇ 300 ਕਰੋੜ

ਭੋਪਾਲ: 6 ਦਸੰਬਰ ਨੂੰ ਇਨਕਮ ਟੈਕਸ ਵਿਭਾਗ ਨੇ ਕਾਂਗਰਸ ਸਾਂਸਦ ਧੀਰਜ ਸਾਹੂ ਨਾਲ ਜੁੜੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜਦੋਂ ਇਸ ਛਾਪੇਮਾਰੀ ਦੀਆਂ ਤਸਵੀਰਾਂ ਸਾਹਮਣੇ ਆਈਆਂ ਤਾਂ ਲੋਕਾਂ ਨੂੰ ਲੱਗਾ ਜਿਵੇਂ ਉਹ ਬੈਂਕ ਦਾ ਲਾਕਰ ਜਾਂ ਕੁਬੇਰ ਦਾ ਖਜ਼ਾਨਾ ਦੇਖ ਰਹੇ ਹੋਣ। ਇੱਕ-ਦੋ ਨਹੀਂ ਸਗੋਂ ਕੁੱਲ 40 ਨੋਟ ਗਿਣਨ ਵਾਲੀਆਂ ਮਸ਼ੀਨਾਂ ਲਗਾਤਾਰ ਬਰਾਮਦ ਕਾਲੇ ਧਨ ਦੀ ਗਿਣਤੀ ਕਰ ਰਹੀਆਂ ਹਨ। ਹੁਣ ਤਕ ਲਗਭਗ 300 ਕਰੋੜ ਰੁਪਏ ਦੀ ਗਿਣਤੀ ਹੋ ਚੁੱਕੀ ਹੈ, ਪਰ ਇਹ ਅੰਤਿਮ ਅੰਕੜਾ ਨਹੀਂ। ਕਈ ਕਮਰੇ ਅਤੇ ਲੌਕਰ ਅਜੇ ਤਕ ਨਹੀਂ ਖੁੱਲ੍ਹੇ ਹਨ। ਅਜਿਹੇ 'ਚ ਇਸ ਛਾਪੇਮਾਰੀ ਨੇ ਇਤਿਹਾਸ ਰਚ ਦਿੱਤਾ ਹੈ।

ਇਨਕਮ ਟੈਕਸ ਵਿਭਾਗ ਨੇ ਧੀਰਜ ਸਾਹੂ ਅਤੇ ਉਸ ਨਾਲ ਜੁੜੀਆਂ ਫ਼ਰਮਾਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਅਧਿਕਾਰਿਕ ਸੂਤਰਾਂ ਨੇ ਕਿਹਾ ਕਿ ਕਿਸੇ ਵੀ ਏਜੰਸੀ ਦੁਆਰਾ ਇੱਕ ਹੀ ਕਾਰਵਾਈ 'ਚ ਕਾਲੇ ਧਨ ਦੀ ਇਹ ਹੁਣ ਤਕ ਦੀ ਸਭ ਤੋਂ ਵੱਡੀ ਬਰਾਮਦਗੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕਿਸੇ ਇੱਕ ਗਰੁੱਪ ਅਤੇ ਉਸ ਨਾਲ ਜੁੜੀਆਂ ਇੱਕਾਈਆਂ ਵਿਰੁੱਧ ਕਾਰਵਾਈ 'ਚ ਦੇਸ਼ 'ਚ ਇਹ ਹੁਣ ਤਕ ਦੀ ਸਭ ਤੋਂ ਵੱਡੀ ਨਕਦੀ ਜ਼ਬਤ ਹੈ।

ਅਜਿਹਾ ਪਹਿਲਾਂ ਕਦੇ ਨਹੀਂ ਹੋਇਆ।

ਇਨਕਮ ਟੈਕਸ ਵਿਭਾਗ ਦੀ ਇਹ ਛਾਪੇਮਾਰੀ ਕਈ ਥਾਵਾਂ 'ਤੇ ਇੱਕੋ ਸਮੇਂ ਚੱਲ ਰਹੀ ਹੈ। ਅਧਿਕਾਰਿਕ ਸੂਤਰਾਂ ਨੇ ਦੱਸਿਆ ਕਿ ਬਰਾਮਦ ਕੀਤੀ ਗਈ ਨਕਦੀ 'ਚੋਂ ਜ਼ਿਆਦਾਤਰ 500 ਰੁਪਏ ਦੇ ਨੋਟ ਹਨ। 40 ਦੇ ਕਰੀਬ ਛੋਟੇ-ਵੱਡੇ ਨੋਟ ਗਿਣਨ ਵਾਲੀਆਂ ਮਸ਼ੀਨਾਂ ਇਨ੍ਹਾਂ ਦੀ ਗਿਣਤੀ ਕਰ ਰਹੀਆਂ ਹਨ। ਕੁੱਝ ਬੈਂਕ ਕਰਮਚਾਰੀ ਅਤੇ ਏਜੰਸੀ ਦੇ ਅਧਿਕਾਰੀ ਮਿਲ ਕੇ ਇਹ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਕਈ ਵਾਹਨ ਤਾਇਨਾਤ ਕੀਤੇ ਗਏ ਹਨ ਜੋ ਜ਼ਬਤ ਕੀਤੀ ਨਕਦੀ ਨੂੰ ਬੈਂਕ ਲੈ ਕੇ ਜਾ ਰਹੇ ਹਨ।ਸੂਤਰਾਂ ਨੇ ਦੱਸਿਆ ਕਿ ਉੜੀਸਾ ਦੇ ਬੋਲਾਂਗੀਰ ਜ਼ਿਲੇ 'ਚ ਇੱਕ ਸ਼ਰਾਬ ਕੰਪਨੀ (ਬਲਦੇਵ ਸਾਹੂ ਐਂਡ ਗਰੁੱਪ ਔਫ਼ ਕੰਪਨੀਜ਼) ਦੇ ਅਹਾਤੇ 'ਚ ਰੱਖੀਆਂ 8-10 ਸ਼ੈਲਫ਼ਾਂ 'ਚੋਂ ਕਰੀਬ 230 ਕਰੋੜ ਰੁਪਏ ਜ਼ਬਤ ਕੀਤੇ ਗਏ ਹਨ। ਬਾਕੀ ਪੈਸਾ ਉੜੀਸਾ ਅਤੇ ਰਾਂਚੀ ਦੇ ਹੋਰ ਸਥਾਨਾਂ ਤੋਂ ਜ਼ਬਤ ਕੀਤਾ ਗਿਆ ਹੈ। ਜਾਣਕਾਰੀ ਮੁਤਾਬਿਕ ਇਨਕਮ ਟੈਕਸ ਵਿਭਾਗ ਦੀ ਟੀਮ ਧੀਰਜ ਸਾਹੂ ਦੇ ਘਰ ਤੋਂ ਤਿੰਨ ਸੂਟਕੇਸ ਲੈ ਕੇ ਨਿਕਲੇ। ਮੰਨਿਆ ਜਾ ਰਿਹਾ ਹੈ ਕਿ ਉਹ ਗਹਿਣਿਆਂ ਨਾਲ ਭਰੇ ਹੋਏ ਸਨ, ਹਾਲਾਂਕਿ ਇਸ ਗੱਲ ਦੀ ਅਜੇ ਪੁਸ਼ਟੀ ਨਹੀਂ ਹੋਈ। ਇੱਕ ਨਿਊਜ਼ ਚੈਨਲ ਦੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ 3 ਥਾਵਾਂ ਦੇ 7 ਕਮਰਿਆਂ ਅਤੇ ਨੌਂ ਲਾਕਰਾਂ ਦੀ ਤਲਾਸ਼ੀ ਅਜੇ ਬਾਕੀ ਹੈ। ਏਜੰਸੀ ਦਾ ਕਹਿਣਾ ਹੈ ਕਿ ਇਨ੍ਹਾਂ ਥਾਵਾਂ 'ਤੇ ਨਕਦੀ ਅਤੇ ਗਹਿਣੇ ਵੀ ਮਿਲ ਸਕਦੇ ਹਨ।

ਵੁਲਵਰਹੈਂਪਟਨ ਵਿਖੇ ਦੋ ਸੰਸਥਾਵਾਂ ਦਾ ਵਿਸ਼ੇਸ਼ ਸਨਮਾਨ

ਮਿਤੀ 07-12-2023 , ਸਮਾਂ ਸਾਮ ਦੇ 5 ਵਜੇ ਤੋਂ 7.30 ਵਜੇ ਤਕ ਗੁਰੂ ਨਾਨਕ ਸਤਸੰਗ ਸਿੱਖ ਗੁਰਦਵਾਰਾ ਸਾਹਿਬ , ਕੈਨਕ ਰੋਡ , ਦੇ ਸਪੋਟਸ ਹਾਲ ਵਿਖੇ ਗੁਰੂ ਘਰ ਦੀ ਕਮੇਟੀ ਦੇ ਮੈਂਬਰ ਸਾਹਿਬਾਨ , ਪ੍ਰਧਾਨ ਸ. ਬਲਰਾਜ ਸਿੰਘ ਅਟਵਾਲ , ਜਨਰਲ ਸਕੱਤਰ ਸ. ਗੁਰਮੀਤ ਸਿੰਘ ਸਿੱਧੂ , ਸ. ਕੁਲਦੀਪ ਸਿੰਘ ਸੇਰਗਿੱਲ ਅਤੇ ਕੇਂਦਰੀ ਪੰਜਾਬੀ ਸਾਹਿਤ ਸਭਾ ਵੁਲਵਰਹੈਂਪਟਨ ਦਾ , " ਆਸ਼ਿਆਨਾ " ਸੰਸਥਾ ਬਲੈਕਹੀਥ, ਦੇ ਸੰਚਾਲਕ ਸ੍ਰੀ ਮਾਨ ਅਸੋਕ ਪੁਰੀ ਅਤੇ ਸ੍ਰੀ ਮਾਨ ਮਨੋਹਰ ਜੀ ਵੱਲੋਂ ਖਾਣ-ਪੀਣ ਦੀਆਂ ਵਸਤਾਂ ਨਾਲ ਭਰੀ ਟੋਕਰੀ (Hamper Prize) ਨਾਲ ਸਨਮਾਨ ਕੀਤਾ ਗਿਆ ।ਸ੍ਰੀ ਅਸੋਕ ਪੁਰੀ ਜੀ ਨੇ ਜਾਣਕਾਰੀ ਦਿੰਦਿਆਂ ਕਿਹਾ ਜਿਹੜੀ ਵੀ ਸੰਸਥਾ , ਸਾਹਿਤ-ਸੱਭਿਆਚਾਰ ਜਾਂ ਲੋਕ ਭਲਾਈ ਵਾਸਤੇ ਯਤਨਸੀਲ ਹਨ , ਉਹਨਾਂ ਦਾ ਆਪਣੀ ਸੰਸਥਾ ਵੱਲੋਂ ਹਰ ਸਾਲ ਮਾਣ-ਸਨਮਾਨ ਕੀਤਾ ਜਾਂਦਾ ਹੈ ।ਮਰਹੂਮ ਗਜਲਗੋ ਰਜਿੰਦਰ ਪ੍ਰਦੇਸੀ ਦਾ ' ਯਾਰ ਭਰਾਵਾਂ ਵਰਗੇ ' ਗਜਲ-ਸੰਗ੍ਰਹਿ ਰਲੀਜ ਕੀਤਾ ਗਿਆ। ਜਿਸ ਦੀ ਇਕ ਕਾਪੀ ਸਾਇਰ ਭੂਪਿੰਦਰ ਸੱਗੂ ਨੂੰ ਉਸ ਦੇ ਪਰਵਾਰ ਵੱਲੋਂ ਚੰਨ ਜੰਡਿਆਲਵੀ ਰਾਹੀਂ ਭੇਟ ਕੀਤੀ ਗਈ । ਬਾਅਦ ਵਿੱਚ ਕਵੀ ਕਵੀ ਦਰਬਾਰ ਹੋਇਆ ।ਜਿਸ ਵਿੱਚ ਚੰਨ ਜੰਡਿਆਲਵੀ, ਬਲਵੰਤ ਸਿੰਘ ਬੈਂਸ, ਪ੍ਰਦੀਪ ਸਿੰਘ ਬਾਸੀ, ਮੁਹਿੰਦਰ ਦਿਲਬਰ, ਭੂਪਿੰਦਰ ਸੱਗੂ, ਪ੍ਰੇਮ ਚਮਕੀਲਾ, ਬਲਦੇਵ ਦਿਓਲ ਨੇ ਨਿਰੰਜਨ ਸਿੰਘ ਨੂਰ ਜੀ ਦੇ ਸ਼ਿਅਰ ਸੁਣਾਕੇ ਖੂਬ ਰੰਗ ਬੰਨਿਆਂ ।ਕਮੇਟੀ ਵੱਲੋਂ ਪਕੌੜਿਆਂ ਅਤੇ ਸਮੋਸਿਆਂ ਨਾਲ ਚਾਹ-ਪਾਣੀ ਦੀ ਖੂਬ ਸੇਵਾ ਕੀਤੀ ਜੀ ।

ਰਿਪੋਰਟ : ਜਨਰਲ ਸਕੱਤਰ , ਬਲਦੇਵ ਦਿਓਲ

29 ਸਾਲ ਪੁਰਾਣੇ ਫ਼ਰਜ਼ੀ ਐਨਕਾਊਂਟਰ ਮਾਮਲੇ 'ਚ ਉਮਰਾਨੰਗਲ ਅਤੇ ਦੋ ਹੋਰਾਂ ਖ਼ਿਲਾਫ਼ ਕੇਸ

ਸਰੀ: ਇੱਕ ਮਹੱਤਵਪੂਰਣ ਘਟਨਾਕ੍ਰਮ 'ਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕਾਲਾ ਅਫ਼ਗਾਨਾ ਦੇ ਵਸਨੀਕ ਸੁਖਪਾਲ ਸਿੰਘ ਦੇ ਝੂਠੇ ਮੁਕਾਬਲੇ ਦੇ ਮਾਮਲੇ 'ਚ ਪੰਜਾਬ ਪੁਲੀਸ ਨੇ ਸਾਬਕਾ IG ਪਰਮਰਾਜ ਸਿੰਘ ਉਮਰਾਨੰਗਲ ਅਤੇ ਦੋ ਹੋਰ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (SIT) ਵਲੋਂ ਹਾਈਕੋਰਟ 'ਚ ਦਾਇਰ ਕੀਤੇ ਹਲਫ਼ਨਾਮੇ 'ਚ ਕਿਹਾ ਗਿਆ ਹੈ ਕਿ ਮਾਮਲੇ ਦੀ ਜਾਂਚ ਦੌਰਾਨ ਪਾਇਆ ਗਿਆ ਕਿ ਉਕਤ ਪੁਲੀਸ ਮੁਕਾਬਲਾ ਫ਼ਰਜ਼ੀ ਸੀ ਅਤੇ ਗਲਤ ਤੱਥਾਂ ਦੇ ਆਧਾਰ 'ਤੇ FIR ਦਰਜ ਕੀਤੀ ਗਈ ਸੀ।

ਕਾਨੂੰਨੀ ਰਾਇ ਲੈਣ ਤੋਂ ਬਾਅਦ 'ਸਿਟ 'ਨੇ 2 ਅਕਤੂਬਰ ਨੂੰ ਸਿੰਘ ਭਗਵੰਤਪੁਰਾ ਜ਼ਿਲ੍ਹਾ ਰੋਪੜ ਵਿਖੇ ਧਾਰਾ 1661, 167, 193, 195, 196, 200, 201, 203, 211, 218, 221, 420, 120 IPC ਤਹਿਤ ਨਵਾਂ ਕੇਸ ਦਰਜ ਕੀਤਾ ਹੈ। ਨਵਾਂ ਮਾਮਲਾ FIR ਨਵੰਬਰ 76 ਦਰਜ ਕੀਤਾ ਗਿਆ ਹੈ।

ਗੋਲੀਬਾਰੀ 'ਚ ਤਿੰਨ ਲੋਕਾਂ ਦੀ ਮੌਤ

ਰੀਜਾਈਨਾ: ਅਮਰੀਕਾ ਦੇ ਸ਼ਹਿਰ ਐਟਲੈਂਟਾ 'ਚ ਗੋਲੀਬਾਰੀ ਦੀ ਇੱਕ ਘਟਨਾ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਜ਼ਖਮੀ ਹੋ ਗਿਆ। ਇੱਕ ਰਿਪੋਰਟ ਮੁਤਾਬਿਕ ਅਟਲਾਂਟਾ ਪੁਲੀਸ ਵਿਭਾਗ ਨੇ ਕਿਹਾ ਕਿ ਅਧਿਕਾਰੀਆਂ ਨੂੰ ਪੀਚਟਰੀ ਰੋਡ 'ਤੇ ਸ਼ਾਮ 6: 25 ਵਜੇ ਦੇ ਕਰੀਬ ਗੋਲੀ ਚੱਲਣ ਦੀ ਰਿਪੋਰਟ ਮਿਲੀ।



ਪੁਲੀਸ ਨੇ ਦੱਸਿਆ ਕਿ ਤਿੰਨ ਲੋਕਾਂ ਨੂੰ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ ਚੌਥੇ ਵਿਅਕਤੀ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਘਟਨਾ ਬਾਰੇ ਅਜੇ ਕੋਈ ਹੋਰ ਜਾਣਕਾਰੀ ਨਹੀਂ ਮਿਲੀ।

ਨਵੀਂ ਦਿੱਲੀ 'ਚ ਸਭ ਤੋਂ ਵੱਧ ਅਸੁਰੱਖਿਅਤ ਨੇ ਔਰਤਾਂ

ਨਵੀਂ ਦਿੱਲੀ: ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਨੇ (NCRB) ਦੀ ਸਾਲਾਨਾ ਰਿਪੋਰਟ ਦੇ ਅੰਕੜੇ ਜਾਰੀ ਕੀਤੇ ਹਨ। ਇਸ ਰਿਪੋਰਟ ਮੁਤਾਬਿਕ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਸ਼ਹਿਰ ਭਾਰਤ ਦੀ ਰਾਜਧਾਨੀ ਦਿੱਲੀ ਹੈ। ਸਾਲ 2022 'ਚ ਸਭ ਤੋਂ ਜ਼ਿਆਦਾ ਅਪਰਾਧ ਔਰਤਾਂ ਖ਼ਿਲਾਫ਼ ਹੋਏ ਹਨ। ਦਿੱਲੀ 'ਚ ਔਰਤਾਂ ਖ਼ਿਲਾਫ਼ ਦਰਜ ਕੀਤੇ ਗਏ ਅਪਰਾਧਾਂ ਦੀ ਗਿਣਤੀ 14 ਹਜ਼ਾਰ 158 ਹੈ। ਜਿਨ੍ਹਾਂ 'ਚ 1, 204 ਮਾਮਲੇ ਬਲਾਤਕਾਰ ਦੇ ਦਰਜ ਹੋਏ ਹਨ। ਰਿਪੋਰਟ ਮੁਤਾਬਿਕ ਰਾਜਧਾਨੀ 'ਚ ਹਰ ਦਿਨ ਬਲਾਤਕਾਰ ਦੇ ਤਿੰਨ ਕੇਸ ਦਰਜ ਕੀਤੇ ਗਏ ਹਨ। ਲਗਾਤਾਰ ਤਿੰਨ ਸਾਲਾਂ ਤੋਂ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਸ਼ਹਿਰ ਦਿੱਲੀ ਹੀ ਬਣਿਆ ਹੋਇਆ ਹੈ। NCRB ਨੇ 3 ਦਸੰਬਰ ਨੂੰ ਸਾਲ 2022 ਦੀ ਰਿਪੋਰਟ ਜਾਰੀ ਕੀਤੀ ਹੈ। ਜਿਸ ਦੇ ਅੰਕੜਿਆਂ ਮੁਤਾਬਿਕ ਦੇਸ਼ ਭਰ 'ਚ ਔਰਤਾਂ ਖ਼ਿਲਾਫ਼ ਚਾਰ ਲੱਖ 45 ਹਜ਼ਾਰ 256 ਕੇਸ ਦਰਜ ਕੀਤੇ ਗਏ ਹਨ। ਜਿਨ੍ਹਾਂ 'ਚ ਸਭ ਤੋਂ ਜ਼ਿਆਦਾ ਮਾਮਲੇ ਦਿੱਲੀ 'ਚ ਦਰਜ ਕੀਤੇ ਗਏ ਹਨ। ਦੇਸ਼ ਦੇ 19 ਮਹਾਂਨਗਰਾਂ 'ਚ ਇਹ ਤੀਜੀ ਵਾਰ ਹੈ ਜਦੋਂ ਦਿੱਲੀ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਸ਼ਹਿਰ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਦਿੱਲੀ 'ਚ ਔਰਤਾਂ ਖ਼ਿਲਾਫ਼ ਅਪਰਾਧ ਦੇ 14 ਹਜ਼ਾਰ 158 ਕੇਸ ਦਰਜ ਹੋਏ ਹਨ, ਜਿਨ੍ਹਾਂ 'ਚ 3, 909 ਅਗਵਾ ਦੀਆਂ ਘਟਨਾਵਾਂ, ਬਲਾਤਕਾਰ ਦੀਆਂ 1, 204 ਘਟਨਾਵਾਂ, ਦਾਜ ਲਈ ਕਤਲ ਦੀਆਂ 129 ਘਟਨਾਵਾਂ ਅਤੇ ਪਤੀਆਂ ਜਾਂ ਰਿਸ਼ਤੇਦਾਰਾਂ ਵਲੋਂ ਤਸ਼ੱਦਦ ਦੀਆਂ 4, 847 ਘਟਨਾਵਾਂ ਦਰਜ ਹੋਈਆਂ ਹਨ।

ਵਿਦੇਸ਼ 'ਚ ਪੰਜਾਬੀ ਨੌਜਵਾਨ ਦਾ ਕਤਲ

ਸਿੱਧਵਾਂ ਬੇਟ: ਜਗਰਾਓਂ ਨੇੜਲੇ ਪਿੰਡ ਗ਼ਾਲਿਬ ਖੁਰਦ ਦੇ ਇੱਕ 23 ਸਾਲਾ ਨੌਜਵਾਨ ਦਾ ਮਲੇਸ਼ੀਆ 'ਚ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਇਸ ਮਗਰੋਂ ਕਾਤਲਾਂ ਨੇ ਇਸ ਨੂੰ ਕੁਦਰਤੀ ਹਾਦਸਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਵਲੋਂ ਹੁਸ਼ਿਆਰੀ ਨਾਲ ਚਾਚੇ ਸਮੇਤ 8 ਪੰਜਾਬੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਦ ਕਿ ਇੱਕ ਮਲੇਸ਼ੀਅਨ ਅਜੇ ਫ਼ਰਾਰ ਦੱਸਿਆ ਜਾ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਜਸਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ ਡੇਢ ਸਾਲ ਪਹਿਲਾਂ ਰੋਜ਼ੀ-ਰੋਟੀ ਲਈ ਮਲੇਸ਼ੀਆ ਗਿਆ ਸੀ। ਮ੍ਰਿਤਕ ਦੇ ਭਰਾ ਸੁਖਮਿੰਦਰ ਸਿੰਘ ਤੇ ਪਿਤਾ ਦਰਸ਼ਨ ਸਿੰਘ ਨੇ ਦੱਸਿਆ ਕਿ ਉਸ ਨੂੰ ਮਲੇਸ਼ੀਆ 'ਚ ਸੱਦਣ ਵਾਲੇ ਚਾਚੇ ਜਗਦੇਵ ਸਿੰਘ ਨੇ ਪੈਸਿਆਂ ਦੇ ਲਾਲਚ 'ਚ ਆ ਕੇ ਹੀ ਇੱਕ ਮਲੇਸ਼ੀਅਨ ਸਮੇਤ ਨੌਂ ਵਿਅਕਤੀਆਂ ਨਾਲ ਮਿਲ ਕੇ ਬੇਰਹਿਮੀ ਨਾਲ ਉਸ ਦਾ ਕਤਲ ਕਰ ਦਿੱਤਾ ਹਾਲਾਂਕਿ ਮਾਰਨ ਵਾਲਾ ਉਸ ਦਾ ਸਕਾ ਚਾਚਾ ਨਹੀਂ, ਪਰ ਇੱਕੋ ਪਿੰਡ ਦੇ ਹੋਣ ਕਾਰਨ ਉਸ ਨੂੰ ਮ੍ਰਿਤਕ ਸਮੇਤ ਸਾਰੇ ਭੈਣ-ਭਰਾ ਚਾਚਾ ਆਖਦੇ ਸਨ। ਪਿਛਲੇ ਡੇਢ ਸਾਲ ਤੋਂ ਜਸਪ੍ਰੀਤ ਸਿੰਘ ਦੀ ਸਾਰੀ ਮਿਹਨਤ, ਮਜ਼ਦੂਰੀ ਦੀ ਕਮਾਈ ਉਸ ਦੇ ਚਾਚੇ ਜਗਦੇਵ ਸਿੰਘ ਕੋਲ ਹੀ ਸੀ।

ਬੀਤੀ 1 ਦਸੰਬਰ ਦੀ ਰਾਤ ਨੂੰ ਜਗਦੇਵ ਸਿੰਘ ਨੇ ਇੱਕ ਮਲੇਸ਼ੀਅਨ ਅਤੇ ਸੱਤ ਹੋਰ ਉਸ ਦੇ ਨਾਲ ਰਹਿੰਦੇ ਪੰਜਾਬੀ ਨੌਜਵਾਨਾਂ ਨਾਲ ਮਿਲ ਕੇ ਜਸਪ੍ਰੀਤ ਸਿੰਘ ਦਾ ਕਤਲ ਕਰ ਦਿੱਤਾ।

ਪਰਿਵਾਰਿਕ ਮੈਂਬਰਾਂ ਅਨੁਸਾਰ ਕਾਤਲਾਂ ਵਲੋਂ ਆਪਣਾ ਗੁਨਾਹ ਕਬੂਲ ਕਰ ਲਿਆ ਗਿਆ ਹੈ ਕਿ ਉਨ੍ਹਾਂ ਨੇ ਪੈਸਿਆਂ ਦੇ ਲਾਲਚ 'ਚ ਆਕੇ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਕਤਲ ਦੀ ਘਟਨਾ ਦਾ ਪਤਾ ਲੱਗਣ ਤੋਂ ਬਾਅਦ ਪਰਿਵਾਰ ਦਾ ਵਿਰਲਾਪ ਦੇਖਿਆ ਨਹੀਂ ਜਾ ਰਿਹਾ, ਪੂਰੇ ਪਿੰਡ ਤੇ ਇਲਾਕੇ 'ਚ ਸੋਗ ਦਾ ਮਾਹੌਲ ਹੈ। ਮ੍ਰਿਤਕ ਦੇ ਪਰਿਵਾਰ ਤੇ ਪਿੰਡ ਦੀ ਪੰਚਾਇਤ ਨੇ ਪੰਜਾਬ ਸਰਕਾਰ ਤੋਂ ਜਸਪ੍ਰੀਤ ਦੀ ਲਾਸ਼ ਨੂੰ ਜਲਦ ਭਾਰਤ ਲਿਆਉਣ ਦੀ ਮੰਗ ਕੀਤੀ ਹੈ।

ਬੱਚੀ ਨੂੰ ਨਾ ਲੱਗਦੀ ਐ ਭੁੱਖ, ਨਾ ਹੁੰਦੀ ਹੈ ਥਕਾਵਟ ਅਤੇ ਨਾ ਹੀ ਦਰਦ

ਵਾਟਰਲੂ: 13 ਸਾਲ ਦੀ ਇਹ ਬੱਚੀ ਬਹੁਤ ਹੀ ਦੁਰਲੱਭ ਬੀਮਾਰੀ ਤੋਂ ਪੀੜਤ ਹੈ। UK ਦੀ ਓਲੀਵੀਆ ਫ਼ਾਰਨਜ਼ਵਰਥ ਨੂੰ ਕ੍ਰੋਮੋਜ਼ੋਮ ਡਿਸਔਰਡਰ ਹੈ ਜਿਸ ਕਾਰਨ ਉਸ ਨੂੰ ਨਾ ਤਾਂ ਭੁੱਖ ਲੱਗਦੀ ਹੈ ਤੇ ਨਾ ਹੀ ਦਰਦ ਮਹਿਸੂਸ ਹੁੰਦਾ ਹੈ ਅਤੇ ਇਸ ਤੋਂ ਵੀ ਵੱਧ ਉਸ ਨੂੰ ਸੌਣ ਦੀ ਲੋੜ ਵੀ ਮਹਿਸੂਸ ਨਹੀਂ ਹੁੰਦੀ। ਜਦੋਂ ਡਾਕਟਰਾਂ ਨੂੰ ਓਲੀਵੀਆ ਦੀ ਅਜੀਬ ਬੀਮਾਰੀ ਬਾਰੇ ਪਤਾ ਲੱਗਾ ਤਾਂ ਉਹ ਵੀ ਹੈਰਾਨ ਰਹਿ ਗਏ ਕਿਉਂਕਿ ਇਹ ਬੱਚੀ ਦੁਨੀਆਂ ਦੀ ਇਕਲੌਤੀ ਅਜਿਹੀ ਹੈ ਜਿਸ ਨੂੰ ਇਹ ਬੀਮਾਰੀ ਹੈ।

2016 ਦੀ ਗੱਲ ਸੀ ਜਦੋਂ ਇੰਗਲੈਂਡ ਦੇ ਹਡਰਜ਼ਫ਼ੀਲਡ 'ਚ ਸੱਤ ਸਾਲ ਦੀ ਉਮਰ 'ਚ ਓਲੀਵੀਆ ਨੂੰ ਟੱਕਰ ਮਾਰਨ ਤੋਂ ਬਾਅਦ ਇੱਕ ਕਾਰ ਕਈ ਮੀਟਰ ਤਕ ਘਸੀਟ ਕੇ ਲੈ ਗਈ, ਪਰ ਉਸ ਤੋਂ ਬਾਅਦ ਜੋ ਵੀ ਹੋਇਆ ਉਹ ਬਹੁਤ ਹੈਰਾਨ ਕਰਨ ਵਾਲਾ ਸੀ। ਓਲੀਵੀਆ ਦੀ ਮਾਂ ਨਿਕੀ ਟ੍ਰੈਪਕ ਦਾ ਕਹਿਣਾ ਹੈ ਕਿ ਕਾਰ ਨਾਲ ਜ਼ੋਰਦਾਰ ਟੱਕਰ ਲੱਗਣ ਦੇ ਬਾਵਜੂਦ ਓਲੀਵੀਆ ਬੜੇ ਆਰਾਮ ਨਾਲ ਉੱਠੀ ਅਤੇ ਉੱਥੋਂ ਚਲੀ ਗਈ। ਉਸ ਦੀ ਛਾਤੀ 'ਤੇ ਟਾਇਰ ਦੇ ਨਿਸ਼ਾਨਾਂ ਤੋਂ ਇਲਾਵਾ ਉਸ ਦੇ ਸ਼ਰੀਰ 'ਤੇ ਕਈ ਸੱਟਾਂ ਦੇ ਵੀ ਨਿਸ਼ਾਨ ਸਨ, ਪਰ ਉਸ ਦੇ ਬਾਵਜੂਦ ਉਸ ਨੂੰ ਨਾ ਤਾਂ ਦਰਦ ਮਹਿਸੂਸ ਹੋਇਆ ਅਤੇ ਨਾ ਹੀ ਉਸ ਦੀਆਂ ਅੱਖਾਂ 'ਚ ਕਿਸੇ ਕਿਸਮ ਦਾ ਡਰ ਨਜ਼ਰ ਆਇਆ। ਬੱਚੀ ਦੇ ਡਰ ਦੀ ਅਸਾਧਾਰਣ ਘਾਟ ਕਾਰਨ ਉਸ ਨੂੰ ਬਾਇਔਨਿਕ ਗਰਲ ਦਾ ਨਾਂ ਦਿੱਤਾ ਗਿਆ ਹੈ।

ਹਫ਼ਿੰਗਟਨ ਪੋਸਟ ਅਨੁਸਾਰ ਇਹ ਬੱਚੀ ਇੱਕ ਵਿਲੱਖਣ ਜਨੈਟਿਕ ਸਥਿਤੀ ਤੋਂ ਪੀੜਤ ਹੈ ਜਿਸ ਦੀ ਪਛਾਣ ਕ੍ਰੋਮੋਜ਼ੋਮ 6 ਦੇ ਮਿੱਟਣ ਵਜੋਂ ਕੀਤੀ ਜਾਂਦੀ ਹੈ। ਇਹ ਬਹੁਤ ਹੀ ਦੁਰਲੱਭ ਸਥਿਤੀ ਮਰੀਜ਼ ਨੂੰ ਦਰਦ, ਭੁੱਖ ਜਾਂ ਥਕਾਵਟ ਮਹਿਸੂਸ ਕਰਨ 'ਚ ਅਸਮਰੱਥ ਬਣਾ ਦਿੰਦੀ ਹੈ।

ਮੰਨਿਆ ਜਾਂਦਾ ਹੈ ਕਿ ਹਾਦਸੇ ਦੌਰਾਨ ਉਸ ਦੀ ਤਨਾਅ-ਮੁਕਤ ਰਹਿਣ ਦੀ ਯੋਗਤਾ ਨੇ ਚਮਤਕਾਰੀ ਢੰਗ ਨਾਲ ਉਸ ਨੂੰ ਗੰਭੀਰ ਨੁਕਸਾਨ ਤੋਂ ਬਚਾਉਣ 'ਚ ਅਹਿਮ ਭੂਮਿਕਾ ਨਿਭਾਈ, ਅਤੇ ਓਲੀਵੀਆ 'ਚ ਉਸ ਦੇ ਜਨਮ ਤੋਂ ਕੁੱਝ ਮਹੀਨਿਆਂ ਬਾਅਦ ਹੀ ਇਸ ਦੁਰਲੱਭ ਬੀਮਾਰੀ ਦੇ ਲੱਛਣ ਦਿਖਾਈ ਦੇਣ ਲੱਗੇ ਸਨ।

ਟ੍ਰੈਪਕ ਦੇ ਅਨੁਸਾਰ ਓਲੀਵੀਆ ਨੇ ਨੌਂ ਮਹੀਨਿਆਂ ਦੀ ਉਮਰ 'ਚ ਦਿਨ 'ਚ ਸੌਣਾ ਬੰਦ ਕਰ ਦਿੱਤਾ ਸੀ। ਉਸ ਤੋਂ ਇਲਾਵਾ ਉਹ ਬੱਚਿਆਂ ਵਾਂਗ ਰੋਈ ਵੀ ਕਦੇ ਨਹੀਂ। ਉਸ ਉਮਰ 'ਚ ਹੀ ਓਲੀਵੀਆ ਨੇ ਮਾਂ ਦਾ ਦੁੱਧ ਪੀਣਾ ਵੀ ਛੱਡ ਦਿੱਤਾ ਸੀ। ਟ੍ਰੈਪਕ ਨੇ ਕਿਹਾ, "ਮੈਂ ਸੋਚਿਆ ਕਿ ਉਸ ਨੂੰ ਪਸੰਦ ਨਹੀਂ ਹੋਵੇਗਾ, ਪਰ ਉਸ ਤੋਂ ਬਾਅਦ ਉਸ ਨੇ ਖਾਣਾ ਵੀ ਬੰਦ ਕਰ ਦਿੱਤਾ।

ਔਰਤ ਦਾ ਕਹਿਣਾ ਹੈ ਕਿ ਓਲੀਵੀਆ ਨੂੰ ਕਦੇ ਭੁੱਖ ਨਹੀਂ ਲੱਗਦੀ। ਉਹ ਸਕੂਲ 'ਚ ਸਿਰਫ਼ ਇਸ ਲਈ ਖਾਂਦੀ ਹੈ ਕਿਉਂਕਿ ਬਾਕੀ ਬੱਚੇ ਉੱਥੇ ਖਾਣਾ ਖਾਂਦੇ ਹਨ।

ਅਮਰੀਕੀ ਸਟਾਰ ਰਾਇਨ ਓ'ਨੀਲ ਦਾ ਦਿਹਾਂਤ

ਸਰੀ: ਇੱਕ TV ਸੋਪ ਓਪਰਾ ਤੋਂ ਫ਼ਿਲਮ ਲਵ ਸਟੋਰੀ 'ਚ ਇੱਕ ਔਸਕਰ-ਨਾਮਜ਼ਦ ਭੂਮਿਕਾ 'ਚ ਜਾਣ ਵਾਲੇ ਦਿਲ ਦੀ ਧੜਕਨਾਂ ਵਧਾਉਣ ਵਾਲੇ ਅਭਿਨੇਤਾ ਰਾਇਨ ਓ'ਨੀਲ ਦੀ ਬੀਤੇਂ ਦਿਨ ਮੌਤ ਹੋ ਗਈ। ਉਸ ਦੇ ਪੁੱਤਰ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਉਹ 82 ਸਾਲ ਦੇ ਸਨ। ਉਹਨਾਂ ਦੇ ਪੁੱਤਰ ਕੈਲੇਫ਼ੋਰਨੀਆ ਰਾਜ ਦੇ ਲੌਸ ਐਂਜਲਸ ਦੇ ਸਪੋਰਟਸ ਕਾਸਟਰ ਪੈਟਰਿਕ ਓ'ਨੀਲ ਨੇ ਇੰਸਟਾਗ੍ਰਾਮ 'ਤੇ ਪੋਸਟ ਕੀਤਾ, "ਮੇਰੇ ਪਿਤਾ ਜੀ ਦਾ ਸ਼ਾਂਤੀਪੂਰਵਕ ਦਿਹਾਂਤ ਹੋ ਗਿਆ, ਉਨ੍ਹਾਂ ਦੀ ਪਿਆਰੀ ਟੀਮ ਨੇ ਉਨ੍ਹਾਂ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਨੂੰ ਸਾਡੇ ਵਾਂਗ ਪਿਆਰ ਕੀਤਾ।" ਉਸ ਨੇ ਆਪਣੇ ਪਿਤਾ ਦੀ ਮੌਤ ਦਾ ਕੋਈ ਕਾਰਨ ਨਹੀਂ ਦੱਸਿਆ। ਰਾਇਨ ਓ'ਨੀਲ ਨੂੰ ਡਾਕਟਰਾਂ ਦੀ ਜਾਂਚ ਤੋਂ ਬਾਅਦ 2012 'ਚ ਪ੍ਰੋਸਟੇਟ ਕੈਂਸਰ ਹੋਣ ਦਾ ਪਤਾ ਲੱਗਿਆ ਸੀ ਅਤੇ ਇੱਕ ਦਹਾਕੇ ਬਾਅਦ ਉਸ ਨੂੰ ਪਹਿਲੀ ਵਾਰ ਪੁਰਾਣੀ ਲਿਊਕੀਮੀਆ ਦਾ ਪਤਾ ਲੱਗਿਆ ਸੀ। ਪੈਟ੍ਰਿਕ ਓ'ਨੀਲ ਨੇ ਲਿਖਿਆ, "ਮੇਰੇ ਪਿਤਾ ਰਾਇਨ ਓ'ਨੀਲ, ਹਮੇਸ਼ਾ ਮੇਰੇ ਹੀਰੋ ਰਹੇ ਹਨ। ਉਹ ਇੱਕ ਹੌਲੀਵੁਡ ਲੈਜੈਂਡ ਸਨ। ਓ'ਨੀਲ 1970 ਦੇ ਦਹਾਕੇ 'ਚ ਦੁਨੀਆਂ ਦੇ ਸਭ ਤੋਂ ਵੱਡੇ ਫ਼ਿਲਮੀ ਸਿਤਾਰਿਆਂ 'ਚੋਂ ਇੱਕ ਸੀ ਜਿਨ੍ਹਾਂ ਨੇ ਪੇਪਰ ਮੂਨ 'ਤੇ ਪੀਟਰ ਬੋਗਦਾਨੋਵਿਚ ਅਤੇ ਬੈਰੀ ਲਿੰਡਨ 'ਤੇ ਸਟੈਨਲੀ ਕੁਬਰਿਕ ਸਮੇਤ ਯੁੱਗ ਦੇ ਬਹੁਤ ਸਾਰੇ ਮਸ਼ਹੂਰ ਨਿਰਦੇਸ਼ਕਾਂ ਨਾਲ ਕੰਮ ਕੀਤਾ।

ਓ'ਨੀਲ ਨੇ 2010 ਦੇ ਦਹਾਕੇ 'ਚ ਆਪਣੇ 70 ਦੇ ਦਹਾਕੇ 'ਚ ਇੱਕ ਸਥਿਰ ਟੈਲੇਵਿਯਨ ਐਕਟਿੰਗ ਕਰੀਅਰ ਨੂੰ ਕਾਇਮ ਰੱਖਿਆ। ਰਾਇਨ ਓ'ਨੀਲ ਨੂੰ 1970 ਦੇ ਟੀਅਰ-ਜਰਕਰ ਡਰਾਮਾ ਲਵ ਸਟੋਰੀ ਲਈ ਸਭ ਤੋਂ ਵਧੀਆ-ਅਦਾਕਾਰ ਵਜੋਂ ਔਸਕਰਜ਼ ਲਈ ਨਾਮਜ਼ਦ ਕੀਤਾ ਗਿਆ ਸੀ।

ਅਮਰੀਕਾ 'ਚ ਭਾਰਤੀ ਨਾਗਰਿਕ ਨੂੰ ਔਰਤ ਦਾ ਸ਼ੋਸ਼ਣ ਕਰਨ ਦੇ ਦੋਸ਼ 'ਚ 57 ਮਹੀਨਿਆਂ ਦੀ ਕੈਦ ਤੇ 40 ਹਜ਼ਾਰ ਡਾਲਰ ਜੁਰਮਾਨਾ

ਕਿੰਗਸਟਨ: ਅਮਰੀਕਾ ਦੇ ਜੌਰਜੀਆ 'ਚ ਮੋਟਲ ਦੇ ਇੱਕ ਭਾਰਤੀ ਮੈਨੇਜਰ ਨੂੰ ਔਰਤ ਦੀ ਤਸਕਰੀ ਅਤੇ ਉਸ ਨੂੰ ਬੰਧੂਆ ਮਜ਼ਦੂਰੀ ਲਈ ਮਜਬੂਰ ਕਰਨ ਦੇ ਦੋਸ਼ 'ਚ 57 ਮਹੀਨਿਆਂ ਦੀ ਕੈਦ ਤੇ 40 ਹਜ਼ਾਰ ਡਾਲਰਾਂ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ 71 ਸਾਲਾ ਸ਼੍ਰੀ ਤਿਵਾੜੀ ਭਾਰਤੀ ਨਾਗਰਿਕ ਅਤੇ ਅਮਰੀਕਾ ਦਾ ਕਾਨੂੰਨੀ ਸਥਾਈ ਨਿਵਾਸੀ ਹੈ। ਉਸ ਨੇ 2020 'ਚ ਕਾਰਟਰਸਵਿਲ 'ਚ ਬਜ਼ਟੌਲ ਮੋਟਲ ਦਾ ਪ੍ਰਬੰਧ ਦੇਖਣਾ ਸ਼ੁਰੂ ਕੀਤਾ ਸੀ।

ਨਿਆਂ ਵਿਭਾਗ ਨੇ ਕਿਹਾ ਕਿ ਤਿਵਾੜੀ ਨੇ ਔਰਤ ਨੂੰ ਮੋਟਲ 'ਚ ਕੰਮ 'ਤੇ ਰੱਖਿਆ ਅਤੇ ਉਸ ਨੂੰ ਰਹਿਣ ਲਈ ਇੱਕ ਕਮਰਾ ਦਿੱਤਾ। ਤਿਵਾੜੀ ਨੂੰ ਪਤਾ ਸੀ ਕਿ ਪੀੜਤ ਪਹਿਲਾਂ ਬੇਘਰ ਸੀ ਅਤੇ ਪਹਿਲਾਂ ਇੱਕ ਨਸ਼ੇੜੀ ਸੀ। ਉਸ ਦੇ ਬੱਚਿਆਂ ਨੂੰ ਉਸ ਤੋਂ ਵੱਖ ਕਰ ਦਿੱਤਾ ਗਿਆ ਸੀ। ਬਿਆਨ 'ਚ ਕਿਹਾ ਗਿਆ ਹੈ ਕਿ ਤਿਵਾੜੀ ਨੇ ਪੀੜਤਾ ਨਾਲ ਵਾਅਦਾ ਕੀਤਾ ਸੀ ਕਿ ਉਹ ਉਸ ਨੂੰ ਤਨਖ਼ਾਹ ਅਤੇ ਅਪਾਰਟਮੈਂਟ ਮੁਹੱਈਆ ਕਰਵਾਏਗਾ, ਅਤੇ ਉਸ ਨੂੰ ਵਕੀਲ ਮੁਹੱਈਆ ਕਰਵਾ ਕੇ ਉਸ ਦੇ ਬੱਚੇ ਮੁੜ ਹਾਸਿਲ ਕਰਨ 'ਚ ਮਦਦ ਕਰੇਗਾ।

KING GARAGE
• M.O.T • Repairs • Service • 24Hrs.Recovery
• ਅਸੀਂ ਹਰ ਕਿਸਮ ਦੀ ਕਾਰ ਅਤੇ ਵੈਨ ਦੀ ਰੀਪੇਅਰ ਅਤੇ ਸਰਵਿਸ ਕਰਨ ਵਿੱਚ ਮਾਹਰ ਹਾਂ।
• ਐਮ ਓ ਟੀ ਵੀ ਕਰਦੇ ਹਾਂ।
• 24 ਘੰਟੇ ਵਹੀਕਲ ਰੀਕਵਰੀ ਸੇਵਾ।
• ਮਸ਼ੀਨੀ ਯੰਤਰ ਨਾਲ ਕਾਰ ਜਾਂ ਵੈਨ ਦਾ ਨੁਕਸ ਫ਼ੱਟ ਲੱਭ ਲੈਂਦੇ ਹਾਂ।
• ਸਾਡਾ ਕੰਮ ਪੂਰਾ ਤਸੱਲੀਬਖਸ਼ ਅਤੇ ਕੀਮਤਾਂ ਵੀ ਵਾਜਬ।

Experienced Mechanics Required
Unit B, King Street, Walsall, WS1 4AF
Tel: 01922 620 720 Mob: 07539 836 162

ਬਿਸ਼ਨੋਈ ਗੈਂਗ ਵਲੋਂ ਬਾਰੇਸ਼ਵਰ ਧਾਮ ਦੇ ਬਾਬਾ ਨੂੰ ਜਾਨੋਂ ਮਾਰਨ ਦੀ ਧਮਕੀ

ਐਬਟਸਫ਼ੋਰਡ: ਬਾਰੇਸ਼ਵਰ ਧਾਮ ਦੇ ਮੁਖੀ ਪੰਡਿਤ ਧੀਰੇਂਦਰ ਸ਼ਾਸਤਰੀ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਉਸ ਨੂੰ ਲੌਰੈਂਸ ਬਿਸ਼ਨੋਈ ਗੈਂਗ ਦੇ ਨਾਂ 'ਤੇ ਇੱਕ ਈ-ਮੇਲ ਮਿਲੀ ਸੀ। ਮੁਲਜ਼ਮਾਂ ਨੇ ਇਸ 'ਚ 10 ਲੱਖ ਰੁਪਏ ਦੀ ਮੰਗ ਕੀਤੀ ਸੀ। ਛਤਰਪੁਰ ਜ਼ਿਲ੍ਹੇ ਦੀ ਬਮਿਠਾ ਪੁਲੀਸ ਨੇ ਦੋਸ਼ੀ ਨੂੰ ਬਿਹਾਰ ਦੇ ਤੋਂ ਗ੍ਰਿਫ਼ਤਾਰ ਕੀਤਾ ਹੈ।

ਪੁਲੀਸ ਮੁਤਾਬਿਕ ਮੁਲਜ਼ਮ ਨੇ 2-3 ਈ-ਮੇਲਜ਼ ਕੀਤੇ ਸਨ ਜਿਨ੍ਹਾਂ 'ਚ 10 ਲੱਖ ਰੁਪਏ ਦੀ ਮੰਗ ਕੀਤੀ ਗਈ ਤੇ ਪੈਸੇ ਨਾ ਮਿਲਣ 'ਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਸੀ। ਦੋਸ਼ੀ ਨੂੰ ਰਾਜਨਗਰ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਮੁਲਜ਼ਮ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦੇ ਪਿੰਡ ਸ਼ੰਕਰਡੀਹ ਦਾ ਰਹਿਣ ਵਾਲਾ ਹੈ ਅਤੇ ਹਾਲ ਹੀ 'ਚ ਪਟਨਾ ਦੇ ਕੰਕੜਬਾਗ 'ਚ ਰਹਿ ਰਿਹਾ ਸੀ।

ਪੁਲੀਸ ਨੇ ਦੱਸਿਆ ਕਿ ਪੰਡਿਤ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਨੂੰ ਜਾਨ ਤੋਂ ਮਾਰਨ ਦੀ ਧਮਕੀ ਵਾਲੀ ਈ-ਮੇਲ 19 ਅਕਤੂਬਰ 2023 ਨੂੰ ਭੇਜੀ ਗਈ ਸੀ। ਮੁਲਜ਼ਮ ਨੇ ਇਹ ਈਮੇਲ ਲੌਰੈਂਸ ਬਿਸ਼ਨੋਈ ਗੈਂਗ ਦੇ ਨਾਂ 'ਤੇ ਭੇਜੀ ਸੀ। ਇਸ 'ਚ ਧੀਰੇਂਦਰ ਸ਼ਾਸਤਰੀ ਨੂੰ ਇੱਕ ਦਿਨ ਦਾ ਸਮਾਂ ਦਿੱਤਾ ਗਿਆ ਸੀ ਤੇ ਜਾਨ ਬਚਾਉਣ ਲਈ 10 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ। ਪਹਿਲੀ ਈ-ਮੇਲ 'ਤੇ ਕੋਈ ਜਵਾਬ ਨਾ ਮਿਲਣ 'ਤੇ ਮੁਲਜ਼ਮ ਨੇ 22 ਅਕਤੂਬਰ ਨੂੰ ਦੂਜੀ ਈ-ਮੇਲ ਭੇਜੀ।

ਧੀਰੇਂਦਰ ਸ਼ਾਸਤਰੀ ਵਲੋਂ 20 ਅਕਤੂਬਰ ਨੂੰ ਥਾਣਾ ਬਮਿਠਾ ਨੂੰ ਧਮਕੀ ਭਰੀ ਈ-ਮੇਲ ਸਬੰਧੀ ਸੂਚਨਾ ਦਿੱਤੀ ਗਈ ਸੀ।

ਭਾਰਤੀ ਮੂਲ ਦੇ ਮੋਟਲ ਮਾਲਕ ਦਾ ਗੋਲੀ ਮਾਰ ਕੇ ਕਤਲ

ਸਰੀ: ਅਮਰੀਕਾ ਤੋਂ ਇੱਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇੱਥੇ ਉੱਤਰੀ ਕੈਰੋਲਾਈਨਾ ਸੂਬੇ ਦੇ ਨਿਊਪੋਰਟ ਸ਼ਹਿਰ 'ਚ 46 ਸਾਲਾ ਭਾਰਤੀ ਮੂਲ ਦੇ ਇੱਕ ਮੋਟਲ ਮਾਲਕ ਦਾ ਇੱਕ ਬੇਘਰ ਘੁਸਪੈਠੀਏ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ। ਕਤਲ ਦੇ ਦੋਸ਼ੀ ਨੇ ਬਾਅਦ 'ਚ ਖ਼ੁਦ ਨੂੰ ਵੀ ਗੋਲੀ ਮਾਰ ਲਈ। ਪੁਲੀਸ ਨੇ ਦੱਸਿਆ ਕਿ ਦੋਸ਼ੀ ਨੇ ਆਪਣੀ ਜਾਨ ਲੈਣ ਤੋਂ ਪਹਿਲਾਂ ਖ਼ੁਦ ਨੂੰ ਇੱਕ ਕਮਰੇ 'ਚ ਬੰਦ ਕਰ ਲਿਆ ਸੀ।

ਜਦੋਂ ਪੁਲੀਸ ਘਟਨਾ ਸਥਾਨ 'ਤੇ ਪਹੁੰਚੀ ਤਾਂ ਸਤਯੇਨ ਨਾਇਕ ਨੂੰ ਮੋਟਲ ਦੇ ਬਾਹਰ ਗੋਲੀ ਨਾਲ ਜ਼ਖ਼ਮੀ ਹਾਲਤ 'ਚ ਪਾਇਆ। ਨਿਊਪੋਰਟ ਪੁਲੀਸ ਦੇ ਮੁਖੀ ਕੀਥ ਲੂਈਸ ਨੇ ਕਿਹਾ, "10 ਵਜੇ ਤੋਂ ਬਾਅਦ 911 ਸੈਂਟਰ ਨੂੰ ਹੋਸਟਸ ਹਾਊਸ 'ਚ ਇੱਕ ਵਿਅਕਤੀ ਦੁਆਰਾ ਘੁਸਪੈਠ ਕਰਨ ਬਾਰੇ ਇੱਕ ਕਾਲ ਪ੍ਰਾਪਤ ਹੋਈ।" ਦਾ ਨਿਊਜ਼-ਟਾਈਮਜ਼ ਅਖ਼ਬਾਰ ਨੇ ਲੂਈਸ ਦੇ ਹਵਾਲੇ ਨਾਲ ਜਾਣਕਾਰੀ ਦਿੱਤੀ ਕਿ ਉਸ ਤੋਂ ਬਾਅਦ ਜਲਦੀ ਹੀ ਇੱਕ ਦੂਜੀ ਕਾਲ ਆਈ ਕਿ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਗਈ ਹੈ। ਕੁੱਝ ਹੀ ਪਲਾਂ 'ਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਦੋਸ਼ੀ ਦੀ ਪਛਾਣ ਟਰੌਏ ਕੈਲਮ ਵਜੋਂ ਹੋਈ ਹੈ।

ਐਮਰਜੈਂਸੀ ਕਰਮਚਾਰੀ ਨਾਇਕ ਨੂੰ ਤੁਰੰਤ ਡਾਕਟਰੀ ਸਹਾਇਤਾ ਲਈ ਕਾਰਟਰੇਟ ਹੈੱਲਥ ਕੇਅਰ 'ਚ ਲੈ ਗਏ। ਬਾਅਦ 'ਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਲੂਈਸ ਨੇ ਕਿਹਾ, "ਇਹ ਇੱਕ ਪਰਿਵਾਰਕ ਮਲਕੀਅਤ ਵਾਲਾ ਕਾਰੋਬਾਰ ਹੈ ਅਤੇ ਉਹ ਰੋਜ਼ਾਨਾ ਆਪਣੇ ਪਰਿਵਾਰ ਨਾਲ ਇਸ ਕਾਰੋਬਾਰ ਨੂੰ ਚਲਾਉਂਦਾ ਸੀ।"

ਮਹਾਰਾਸ਼ਟਰ 'ਚ ਸਭ ਤੋਂ ਜ਼ਿਆਦਾ ਦੰਗੇ, ਅਪਰਾਧਕ ਮਾਮਲਿਆਂ 'ਚ ਪਹਿਲੇ ਨੰਬਰ 'ਤੇ ਉੱਤਰ ਪ੍ਰਦੇਸ਼

ਮੁੰਬਈ: ਭਾਰਤ 'ਚ 2022 'ਚ ਦੰਗਿਆਂ ਦੇ ਸਭ ਤੋਂ ਵੱਧ 8, 218 ਮਾਮਲੇ ਮਹਾਰਾਸ਼ਟਰ 'ਚ ਦਰਜ ਕੀਤੇ ਗਏ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (NCRB) ਦੇ ਤਾਜ਼ਾ ਅੰਕੜਿਆਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲਾ ਦੇ ਅਧੀਨ ਕੰਮ ਕਰਨ ਵਾਲੇ NCRB ਨੇ ਭਾਰਤ 'ਚ ਅਪਰਾਧ 2022 ਦੀ ਰਿਪੋਰਟ ਜਾਰੀ ਕੀਤੀ।

ਅੰਕੜਿਆਂ ਤੋਂ ਇਹ ਵੀ ਪਤਾ ਲੱਗਾ ਕਿ ਮਹਾਰਾਸ਼ਟਰ 2022 'ਚ 2, 295 ਕਤਲਾਂ ਨਾਲ ਉੱਤਰ ਪ੍ਰਦੇਸ਼, ਬਿਹਾਰ ਤੋਂ ਬਾਅਦ ਕਤਲ ਦੇ ਮਾਮਲਿਆਂ 'ਚ ਤੀਜੇ ਸਥਾਨ 'ਤੇ ਅਤੇ ਰਾਜਸਥਾਨ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਤੋਂ ਬਾਅਦ ਬਲਾਤਕਾਰ ਦੇ ਮਾਮਲਿਆਂ 'ਚ ਚੌਥੇ ਸਥਾਨ 'ਤੇ ਰਿਹਾ। ਇਸ ਰਿਪੋਰਟ ਅਨੁਸਾਰ, ਭਾਰਤੀ ਦੰਡਾਵਲੀ ਦੀਆਂ ਧਾਰਾਵਾਂ ਦੇ ਅਧੀਨ ਅਪਰਾਧਕ ਮਾਮਲੇ ਦਰਜ ਕਰਨ 'ਚ ਮਹਾਰਾਸ਼ਟਰ (ਉੱਤਰ ਪ੍ਰਦੇਸ਼ ਤੋਂ ਬਾਅਦ) ਦੂਜੇ ਸਥਾਨ 'ਤੇ ਰਿਹਾ।

ਮਹਾਰਾਸ਼ਟਰ 'ਚ ਬਲਾਤਕਾਰ ਦੇ 2, 904 ਮਾਮਲੇ ਦਰਜ ਕੀਤੇ ਗਏ। ਰਿਪੋਰਟ ਅਨੁਸਾਰ, ਮਹਾਰਾਸ਼ਟਰ 'ਚ 2022 'ਚ ਕੁੱਲ ਤਿੰਨ ਲੱਖ 74 ਲੱਖ 38 ਅਪਰਾਧਕ ਮਾਮਲੇ ਦਰਜ ਕੀਤੇ ਗਏ, ਜਦੋਂ ਕਿ 2021 'ਚ ਤਿੰਨ ਲੱਖ 67 ਹਜ਼ਾਰ 218 ਅਤੇ 2020 'ਚ ਤਿੰਨ ਲੱਖ 94 ਹਜ਼ਾਰ 17 ਮਾਮਲੇ ਦਰਜ ਕੀਤੇ ਗਏ ਸਨ।

ਪਿਛਲੇ ਸਾਲ ਮਹਾਰਾਸ਼ਟਰ 'ਚ ਦੰਗਿਆਂ ਦੇ ਮਾਮਲਿਆਂ 'ਚ ਜ਼ਿਕਰਯੋਗ ਵਾਧਾ ਹੋਇਆ, ਜਿਸ ਨਾਲ ਰਾਜ ਇਸ ਸ਼੍ਰੇਣੀ 'ਚ ਪਹਿਲੇ ਸਥਾਨ 'ਤੇ ਪਹੁੰਚ ਗਿਆ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਮਾਮਲੇ IPX ਦੀ ਧਾਰਾ 147 ਤੋਂ 151 (ਦੰਗੇ ਅਤੇ ਗ਼ੈਰ-ਕਾਨੂੰਨੀ ਸਭ ਨਾਲ ਸੰਬੰਧਤ) ਦੇ ਅਧੀਨ ਦਰਜ ਕੀਤੇ ਗਏ ਸਨ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਮਹਾਰਾਸ਼ਟਰ 'ਚ ਦੰਗਿਆਂ ਦੇ ਕੁੱਲ 8, 218 ਮਾਮਲੇ ਦਰਜ ਕੀਤੇ ਗਏ।

ਲਤੀਫ਼ਪੁਰਾ ਉਜਾੜੇ ਦਾ ਸਾਲ ਪੂਰਾ ਹੋਣ 'ਤੇ ਪੀੜਤਾਂ ਨੇ ਮਨਾਇਆ ਕਾਲਾ ਦਿਨ

ਜਲੰਧਰ: ਲਤੀਫ਼ਪੁਰਾ ਮੁੜਵਸੇਬਾ ਮੋਰਚਾ ਨੇ ਪੰਜਾਬ ਸਰਕਾਰ ਵਲੋਂ ਲਤੀਫ਼ਪੁਰਾ 'ਚ ਕੀਤੇ ਗਏ ਉਜਾੜੇ ਦਾ ਸਾਲ ਪੂਰਾ ਹੋਣ 'ਤੇ ਅੱਜ ਦੇ ਦਿਨ ਨੂੰ ਕਾਲੇ ਦਿਨ ਵਜੋਂ ਮਨਾਇਆ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਸ ਮੁਜ਼ਾਹਰਾ ਕੀਤਾ। ਮੋਰਚੇ ਦੇ ਕਾਰਕੁਨਾਂ ਨੇ ਸ੍ਰੀ ਗੁਰੂ ਰਵਿਦਾਸ ਚੌਕ 'ਚ ਜਲੰਧਰ ਨਗਰ ਸੁਧਾਰ ਟਰੱਸਟ ਤੇ ਸੂਬਾ ਸਰਕਾਰ ਦੀ ਅਰਥੀ ਸਾੜੀ।

ਲਤੀਫ਼ਾਪੁਰਾ ਮੁੜਵਸੇਬਾ ਮੋਰਚੇ ਦੇ ਆਗੂਆਂ ਨੇ ਹਰ ਰੋਜ਼ ਲੜੀਵਾਰ ਭੁੱਖ ਹੜਤਾਲ ਹਾਲੇ ਵੀ ਜਾਰੀ ਰੱਖੀ ਹੋਈ ਹੈ। ਇਸੇ ਲੜੀ ਤਹਿਤ ਅੱਜ ਬਾਪੂ ਰਸ਼ਪਾਲ ਸਿੰਘ ਭੁੱਖ ਹੜਤਾਲ 'ਤੇ ਬੈਠੇ। ਮੋਰਚੇ ਨੇ 10 ਦਸੰਬਰ ਨੂੰ ਵੀ ਜਮਹੂਰੀਅਤ ਦਾ ਕਤਲ ਅਤੇ ਕਾਲਾ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਨਗਰ ਸੁਧਾਰ ਟਰੱਸਟ ਨੇ 9 ਤੇ 10 ਦਸੰਬਰ 2022 ਨੂੰ JCB ਮਸ਼ੀਨਾਂ ਨਾਲ ਲਤੀਫ਼ਪੁਰਾ 'ਚ ਲਗਪਗ 70 ਘਰ ਢਾਹ ਦਿੱਤੇ ਸਨ। ਇਹ ਪਰਿਵਾਰ 1947 ਦੀ ਵੰਡ ਵੇਲੇ ਉੱਜੜ ਕੇ ਇੱਥੇ ਆ ਕੇ ਵਸੇ ਸਨ।

ਸਰਕਾਰ ਵਲੋਂ ਦਾਅਵਾ ਕੀਤਾ ਗਿਆ ਸੀ ਕਿ ਇਹ ਥਾਂ ਨਗਰ ਸੁਧਾਰ ਟਰੱਸਟ ਨੇ ਗ੍ਰਹਿਣ ਕੀਤੀ ਹੋਈ ਸੀ ਅਤੇ ਉਕਤ ਪਰਿਵਾਰ ਇੱਥੇ ਕਬਜ਼ਾ ਕਰ ਕੇ ਬੈਠੇ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਉਜਾੜੇ ਗਏ ਇਨ੍ਹਾਂ ਪਰਿਵਾਰਾਂ 'ਚੋਂ ਹਾਲੇ ਵੀ ਲਗਭਗ 40 ਪਰਿਵਾਰ ਖੁੱਲ੍ਹੇ ਅਸਮਾਨ ਹੇਠ ਗੁਜ਼ਾਰਾ ਕਰ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਲਤੀਫ਼ਪੁਰਾ ਇੱਕ ਪਿੰਡ ਸੀ ਜੋ ਜਲੰਧਰ ਨੇੜੇ ਸਥਿਤ ਸੀ। ਆਬਾਦੀ ਵਧਣ ਤੇ ਸ਼ਹਿਰ 'ਚ ਹੋਏ ਵਿਕਾਸ ਦੌਰਾਨ ਇਹ ਪਿੰਡ ਸ਼ਹਿਰ ਦੀ ਜੱਦ 'ਚ ਆ ਗਿਆ।

ਅੱਜ ਦਾ ਕਾਲਾ ਦਿਨ ਮਨਾਉਣ ਵਾਸਤੇ ਲਤੀਫ਼ਪੁਰਾ 'ਚ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ) ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਲਖਵੀਰ ਸਿੰਘ ਖ਼ਾਲਸਾ ਜਥੇਬੰਦੀ ਦੇ ਕਾਰਕੁਨਾਂ ਸਮੇਤ ਪਹੁੰਚੇ ਹੋਏ ਸਨ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ, ਜ਼ਿਲ੍ਹੇ ਦੇ ਆਗੂ ਸੰਤੋਖ ਸਿੰਘ ਸੰਧੂ ਵੀ ਜਥੇਬੰਦੀ ਦੇ ਕਾਰਕੁਨਾਂ ਸਮੇਤ ਪਹੁੰਚੇ। ਇਸੇ ਤਰ੍ਹਾਂ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ, ਜ਼ਿਲ੍ਹੇ ਦੇ ਆਗੂ ਭਗਵੰਤ ਸਿੰਘ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸੁਖਜੀਤ ਸਿੰਘ ਡਰੋਲੀ ਵੀ ਹਾਜ਼ਰ ਸਨ। ਮੋਰਚੇ ਦੇ ਆਗੂ ਲਖਵੀਰ ਸਿੰਘ ਖ਼ਾਲਸਾ ਨੇ ਕਿਹਾ ਕਿ 2 ਜਨਵਰੀ ਨੂੰ ਲਤੀਫ਼ਪੁਰਾ ਮੋਰਚੇ ਵਲੋਂ ਜਲੰਧਰ ਦੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਦੇ ਘਰ ਦਾ ਘਿਰਾਓ ਕਰ ਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।

ਭਾਰਤੀ ਮੂਲ ਦੀ ਨਾਵਲਕਾਰ ਕਲਚਰਲ ਮਡੈਲੀਅਨ ਨਾਲ ਸਨਮਾਨਿਤ

ਵੈਨਕੂਵਰ: ਭਾਰਤੀ ਮੂਲ ਦੀ ਲੇਖਿਕਾ ਮੀਰਾ ਚੰਦ ਨੂੰ ਸਿੰਗਾਪੁਰ ਦੇ ਸਭ ਤੋਂ ਵੱਡੇ ਕਲਾ ਸਨਮਾਨ ਕਲਚਰਲ ਮਡੈਲੀਅਨ ਨਾਲ ਸਨਮਾਨਿਤ ਕੀਤਾ ਗਿਆ ਹੈ। ਉਹ ਤਿੰਨ ਸਿੰਗਾਪੂਰੀਆਂ 'ਚੋਂ ਇੱਕ ਹੈ ਜਿਸ ਨੂੰ ਉਨ੍ਹਾਂ ਦੀ ਕਲਾਤਮਕ ਉਤਮਤਾ ਅਤੇ ਦੇਸ਼ ਦੀ ਕਲਾ ਅਤੇ ਸਭਿਆਚਾਰ ਨੂੰ ਅਮੀਰ ਬਣਾਉਣ 'ਚ ਯੋਗਦਾਨ ਲਈ ਇਹ ਸਨਮਾਨ ਪ੍ਰਾਪਤ ਹੋਇਆ ਹੈ। ਦਾ ਸਟਰੇਟ ਟਾਈਮਜ਼ ਅਖ਼ਬਾਰ ਦੀ ਰਿਪੋਰਟ ਅਨੁਸਾਰ ਮੀਰਾ ਚੰਦ, ਨਾਵਲਕਾਰ ਸੁਚੇਨ ਕ੍ਰਿਸਟੀਨ ਲਿਮ ਅਤੇ ਮਲੇਈ ਡਾਂਸਰ ਓਸਮਾਨ ਅਬਦੁਲ ਹਾਮਿਦ ਦੇ ਨਾਲ ਇਸਤਾਨਾ 'ਚ ਆਯੋਜਿਤ ਇੱਕ ਸਮਾਰੋਹ 'ਚ ਰਾਸ਼ਟਰਪਤੀ ਥਰਮਨ ਸ਼ਨਮੁਗਰਤਨਮ ਦੁਆਰਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਇਸ ਪੁਰਸਕਾਰ ਦੇ ਨਾਲ ਹਰੇਕ ਜੇਤੂ ਨੂੰ 80 ਹਜ਼ਾਰ ਸਿੰਗਾਪੁਰ ਡਾਲਰ ਦੀ ਇਨਾਮੀ ਰਾਸ਼ੀ ਵੀ ਦਿੱਤੀ ਗਈ। ਮੀਰਾ ਚੰਦ ਦੇ ਮਾਤਾ-ਪਿਤਾ, ਸਿੰਗਾਪੁਰ ਦੇ ਨਾਗਰਿਕ, ਸਵਿਸ-ਭਾਰਤੀ ਮੂਲ ਦੇ ਸਨ। 1997 'ਚ ਹੋ ਮਿੰਗਫ਼ੋਂਗ ਤੋਂ ਬਾਅਦ ਉਹ ਅੰਗਰੇਜ਼ੀ ਭਾਸ਼ਾ ਦੀ ਪਹਿਲੀ ਮਹਿਲਾ ਲੇਖਕ ਹੈ ਜਿਸ ਨੂੰ ਇਹ ਪੁਰਸਕਾਰ ਦਿੱਤਾ ਗਿਆ ਹੈ। ਪ੍ਰਸਿੱਧ ਨਾਵਲਕਾਰ ਮੀਰਾ ਚੰਦ ਨੂੰ ਆਪਣੇ ਬਹੁ-ਸੱਭਿਆਚਾਰਕ ਸਮਾਜ ਦੇ ਚਿਤਰਣ ਲਈ ਜਾਣਿਆ ਜਾਂਦਾ ਹੈ। ਉਸ ਦੀ ਰਚਨਾ ਦਾ ਪੇਂਟੇਡ ਕੇਜ (1986) ਨੂੰ ਵੱਕਾਰੀ ਬੁਕਰ ਪੁਰਸਕਾਰ ਲਈ ਸ਼ੌਰਟਲਿਸਟ ਕੀਤਾ ਗਿਆ ਸੀ। ਚੰਦ ਦੀ ਵੈੱਬਸਾਈਟ 'ਤੇ ਮੌਜੂਦ ਜਾਣਕਾਰੀ ਅਨੁਸਾਰ ਉਸ ਦਾ ਜਨਮ ਲੰਡਨ 'ਚ ਹੋਇਆ ਸੀ। ਉਸ ਦੀ ਮਾਂ ਸਵਿਸ ਮੂਲ ਦੀ ਸੀ ਅਤੇ ਪਿਤਾ ਭਾਰਤੀ ਮੂਲ ਦੇ ਸਨ। ਉਹ ਬਰਤਾਨੀਆ 'ਚ ਪੜ੍ਹੀ ਸੀ। ਉਹ 1962 'ਚ ਆਪਣੇ ਭਾਰਤੀ ਪਤੀ ਨਾਲ ਜਾਪਾਨ ਗਈ ਸੀ। 1971 'ਚ ਜਾਪਾਨ ਤੋਂ ਮੁੰਬਈ ਆਈ ਅਤੇ ਪੰਜ ਸਾਲ ਭਾਰਤ 'ਚ ਰਹੀ ਜਿੱਥੇ ਉਸ ਨੇ ਲਿਖਣਾ ਸ਼ੁਰੂ ਕੀਤਾ। ਪਿਛਲੇ ਸਾਲ 56 ਸਾਲਾ ਤਮਿਲ ਹਿੰਦੂ ਅਰਵਿੰਦ ਕੁਮਾਰਸਾਮੀ ਨੂੰ ਇਸ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਪੰਜਾਬੀ ਦੇ ਕੰਮ ਤੋਂ ਖ਼ੁਸ਼ ਇਟਾਲੀਅਨ ਫ਼ਰਮ ਨੇ ਗਿਫ਼ਟ 'ਚ ਦਿੱਤੀ ਕਾਰ

ਮਿਲਟਨ: ਵਿਦੇਸ਼ਾਂ 'ਚ ਕੰਮਾਂ-ਕਾਰਾਂ ਦੇ ਖੇਤਰ 'ਚ ਪੰਜਾਬੀਆਂ ਦੁਆਰਾ ਇਮਾਨਦਾਰੀ ਨਾਲ ਕੀਤੀ ਜਾਂਦੀ ਮਿਹਨਤ ਕਾਰਨ ਗੋਰੇ ਲੋਕ ਅਕਸਰ ਪੰਜਾਬੀ ਕਾਮਿਆਂ ਦੀ ਸਿਫ਼ਤ ਕਰਦੇ ਦਿਖਾਈ ਦਿੰਦੇ ਹਨ, ਪੰਜਾਬੀਆਂ ਦੀ ਹਮੇਸ਼ਾ ਕਦਰ ਵੀ ਕਰਦੇ ਹਨ।

ਇਸੇ ਤਰ੍ਹਾਂ ਦਾ ਇੱਕ ਮਾਮਲਾ ਇਟਲੀ ਤੋਂ ਸਾਹਮਣੇ ਆਇਆ ਹੈ ਜਿੱਥੇ ਇੱਕ ਸਬਜ਼ੀ ਪੈਕਿੰਗ ਕਰਨ ਵਾਲੀ ਫ਼ਰਮ 'ਚ ਕੰਮ ਕਰਦੇ ਅਵਤਾਰ ਸਿੰਘ ਨਾਗਰਾ ਨੂੰ ਉਸ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ ਫ਼ਰਮ ਦੇ ਮਾਲਕਾਂ ਨੇ ਉਸ ਨੂੰ ਤੋਹਫ਼ੇ ਵਜੋਂ ਕਾਰ ਗਿਫ਼ਟ ਕਰ ਕੇ ਸਨਮਾਨਿਤ ਕੀਤਾ ਹੈ।

ਅਵਤਾਰ ਸਿੰਘ ਨਾਗਰਾ ਜਲੰਧਰ ਜਿਲ੍ਹੇ ਦੇ ਕੁਹਾਲਾ ਪਿੰਡ ਨਾਲ ਸਬੰਧਿਤ ਹਨ ਜੋ ਇਟਲੀ ਦੇ ਵੈਰੋਨਾ ਨੇੜਲੇ ਸ਼ਹਿਰ ਮੌਂਤੀਕਿਉ ਰਹਿੰਦੇ ਹਨ ਅਤੇ ਤੀਰਾਪੇਲੇ ਫ਼ਰਮ 'ਚ ਕੰਮ ਕਰਦੇ ਹਨ। ਇਹ ਫ਼ਰਮ ਗਾਜਰਾਂ ਦੀ ਸਪਲਾਈ ਕਰਨ ਲਈ ਪੂਰੇ ਇਟਲੀ ਭਰ 'ਚ ਮਸ਼ਹੂਰ ਹੈ ਜਿਸ 'ਚ 35 ਦੇ ਕਰੀਬ ਵਰਕਰ ਕੰਮ ਕਰਦੇ ਹਨ ਅਤੇ ਅਵਤਾਰ ਸਿੰਘ ਇਸ ਫ਼ਰਮ 'ਚ ਸਾਲ 2008 ਤੋਂ ਕੰਮ ਕਰ ਰਹੇ ਹਨ।

ਅਵਤਾਰ ਸਿੰਘ ਨੇ ਲਗਾਤਾਰ ਮਿਹਨਤ ਕਰਕੇ ਇਟਾਲੀਅਨ ਮਾਲਕਾਂ ਦਾ ਦਿਲ ਜਿੱਤ ਲਿਆ ਜਿਸ ਤੋਂ ਖੁਸ਼ ਹੋ ਕੇ ਫ਼ਰਮ ਦੇ ਮਾਲਕ ਇਟਾਲੀਅਨ ਗੋਰੇ ਮਤੀਆ ਤੀਰਾਪੇਲੇ ਨੇ ਅਵਤਾਰ ਸਿੰਘ ਨੂੰ ਕਾਰ ਗਿਫ਼ਟ ਕਰ ਕੇ ਵੱਕਾਰੀ ਸਨਮਾਨ ਝੋਲੀ ਪਾਇਆ ਹੈ।

ਪੰਜਾਬੀ ਤੋਂ 1.63 ਲੱਖ ਠੱਗਣ ਵਾਲੇ ਝਾਰਖੰਡ ਦੇ ਠੱਗਾਂ ਦੇ ਸਬੰਧ ਪਾਕਿ ਦੇ ਅਪਰਾਧੀਆਂ ਨਾਲ ਸਬੰਧ

ਹਜ਼ਾਰੀਬਾਗ: ਪਾਕਿਸਤਾਨ ਨਾਲ ਸਬੰਧ ਰੱਖਣ ਵਾਲੇ ਸਾਈਬਰ ਕ੍ਰਾਈਮ ਸਿੰਡੀਕੇਟ ਦਾ ਹਿੱਸਾ ਚਾਰ ਵਿਅਕਤੀਆਂ ਨੂੰ ਝਾਰਖੰਡ ਦੇ ਹਜ਼ਾਰੀਬਾਗ ਜ਼ਿਲ੍ਹੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਨੇ ਪੰਜਾਬ ਦੇ ਇੱਕ ਵਿਅਕਤੀ ਨਾਲ 1.63 ਲੱਖ ਰੁਪਏ ਦੀ ਠੱਗੀ ਮਾਰੀ ਅਤੇ ਅਪਰਾਧ 'ਚ ਵਰਤੇ ਗਏ ਫ਼ੋਨ ਨੰਬਰ ਦੀ ਘੋਖ ਬਾਅਦ ਪੁਲੀਸ ਨੇ ਇਨ੍ਹਾਂ ਨੂੰ ਨੱਪ ਲਿਆ। ਪੁਲੀਸ ਨੇ ਉਨ੍ਹਾਂ ਕੋਲੋਂ 10 ਮੋਬਾਈਲ ਫ਼ੋਨ, 36 ਸਿਮ ਕਾਰਡ, 37 ਡੈਬਿਟ ਅਤੇ ਕ੍ਰੈਡਿਟ ਕਾਰਡ, 12 ਪਾਸਬੁੱਕ ਅਤੇ ਚੈੱਕਬੁੱਕ, ਦੋਪਹੀਆ ਵਾਹਨ, ਚਾਰ ਪਹੀਆ ਵਾਹਨ ਅਤੇ ਹੋਰ ਸਾਮਾਨ ਬਰਾਮਦ ਕੀਤਾ ਹੈ।

ਮੁਲਜ਼ਮਾਂ ਦੀ ਉਮਰ 19 ਤੋਂ 25 ਸਾਲ ਹੈ। ਇਨ੍ਹਾਂ ਨੂੰ ਝਾਰਖੰਡ ਦੀ ਰਾਜਧਾਨੀ ਰਾਂਚੀ ਤੋਂ 105 ਕਿਲੋਮੀਟਰ ਦੂਰ ਕੋਰਾ ਖੇਤਰ ਦੇ ਇਲਾਕੇ 'ਚ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮਾਂ ਨੇ ਮੰਨਿਆ ਕਿ ਉਹ ਪਾਕਿਸਤਾਨੀ ਹੈਂਡਲਰ ਦੇ ਅਧੀਨ ਕੰਮ ਕਰ ਰਹੇ ਸਨ। ਪੁਲੀਸ ਨੇ ਕਿਹਾ ਕਿ ਇਹ ਗੰਭੀਰ ਮਾਮਲਾ ਹੈ। ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਕੀ ਇਹ ਪੈਸਾ ਸਾਈਬਰ ਕ੍ਰਾਈਮ ਲਈ ਸੀ ਜਾਂ ਕਿਸੇ ਹੋਰ ਮਕਸਦ ਲਈ। 28 ਨਵੰਬਰ ਨੂੰ ਪੰਜਾਬ 'ਚ 1.63 ਲੱਖ ਰੁਪਏ ਦੀ ਆਨਲਾਈਨ ਧੋਖਾਧੜੀ ਕੀਤੀ ਗਈ ਸੀ ਅਤੇ ਫ਼ੋਨ ਨੰਬਰ ਝਾਰਖੰਡ 'ਚ ਕਿਸੇ ਥਾਂ ਨਾਲ ਜੁੜਿਆ ਹੋਇਆ ਪਾਇਆ ਗਿਆ ਸੀ। ਸੂਚਨਾ ਮਿਲਣ ਤੋਂ ਬਾਅਦ ਨੰਬਰ ਕੋਰਾ ਦੇ ਇਲਾਕੇ 'ਚ ਹੋਣ ਦਾ ਪਤਾ ਲੱਗਿਆ। ਪਹਿਲਾਂ ਦੋ ਮੁਲਜ਼ਮਾਂ ਨੂੰ ਕਾਬੂ ਕੀਤਾ ਤੇ ਬਾਅਦ 'ਚ ਦੋ ਹੋਰ ਗ੍ਰਿਫ਼ਤਾਰ ਕਰ ਲਏ।

HR ACCOUNTANTS

ਅਸੀਂ ਤੁਹਾਡੀ ਕੰਪਨੀ ਅਤੇ ਬਿਜ਼ਨਿਸ ਦਾ ਲੇਖਾ ਜੋਖਾ ਕਰਨ ਵਿੱਚ ਪੂਰੇ ਮਾਹਿਰ ਹਾਂ। ਨਵੀਂ ਕੰਪਨੀ ਖੋਲ੍ਹਣ ਵਿੱਚ ਅਤੇ ਟੈਕਸ ਬਚਾਉਣ ਵਿੱਚ ਮੱਦਦ ਕਰ ਸਕਦੇ ਹਾਂ

OUR SERVICES INCLUDE:

- Self Assessment Tax Returns (Company a Personal)
- Accounts Preparations (Management It Annual Accounts)
- VAT Returns
- Payroll Services
- Book Keeping
- Company Formation & Business Start Ups
- Business Plans & Cash Flow Projections
- Inland Revenue Registration
- Computerised Accountancy System Set up &
- Tax Credits it Benefits

Address: 149, Spon Lane, West Bromwich, Birmingham, B70 6AS
Tel/Fax: 0121 553 5019 Mob: 07912 217 914
Web: www.hraccountants.net1 Email: hr.a«ountants,iyahoo.com

ਮਨ ਜਿੱਤ
ਵੀਕਲੀ

ਨਵੇਂ ਮੁੱਖ ਮੰਤਰੀਆਂ ਦੀ ਚੋਣ

ਭਾਰਤੀ ਜਨਤਾ ਪਾਰਟੀ ਇਹ ਸਾਬਤ ਕਰ ਰਹੀ ਹੈ ਕਿ ਉਹ ਸਿਰਫ ਸਿਆਸੀ ਸਮੀਕਰਨਾਂ ਤਹਿਤ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਵਾਲੀ ਸਿਆਸੀ ਤਾਕਤ ਹੀ ਨਹੀਂ ਸਗੋਂ ਸੂਬਿਆਂ ਲਈ ਮੁੱਖ ਮੰਤਰੀ ਚੁਣਨ ਸਮੇਂ ਸਖਤ ਫੈਸਲੇ ਲੈਣ ਵਾਲੀ ਪਾਰਟੀ ਵੀ ਹੈ। ਵਿਧਾਨ ਸਭਾਵਾਂ ਦੀਆਂ ਹੁਣੇ ਹੋਈਆਂ ਚੋਣਾਂ ਵਿਚ ਉਸ ਨੇ ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਰਾਜਸਥਾਨ ਵਿਚ ਕਾਂਗਰਸ ਨੂੰ ਕਰਾਰੀ ਹਾਰ ਦਿੱਤੀ। ਇਨ੍ਹਾਂ ਸੂਬਿਆਂ ਵਿਚ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਚੌਹਾਨ (ਮੱਧ ਪ੍ਰਦੇਸ਼), ਰਮਨ ਸਿੰਘ (ਛੱਤੀਸਗੜ੍ਹ) ਅਤੇ ਵਸੁੰਧਰਾ ਰਾਜੇ ਸਿੰਧੀਆ (ਰਾਜਸਥਾਨ) ਦੇ ਨਾਲ ਨਾਲ ਕਈ ਕੇਂਦਰੀ ਮੰਤਰੀ ਜਿਨ੍ਹਾਂ ਨੂੰ ਵਿਧਾਨ ਸਭਾਵਾਂ ਦੀ ਚੋਣ ਲੜਾਈ ਗਈ ਸੀ, ਮੁੱਖ ਮੰਤਰੀ ਬਣਨ ਦੇ ਉਮੀਦਵਾਰ ਸਨ; ਉਨ੍ਹਾਂ ਵਿਚੋਂ ਕਿਸੇ ਨੂੰ ਵੀ ਮੁੱਖ ਮੰਤਰੀ ਨਹੀਂ ਬਣਾਇਆ ਗਿਆ। ਤਿੰਨਾਂ ਸੂਬਿਆਂ ਵਿਚ ਹੀ ਮੁੱਖ ਮੰਤਰੀ ਦੇ ਅਹੁਦੇ ਲਈ ਚੁਣੇ ਉਮੀਦਵਾਰਾਂ ਦੀ ਚੋਣ ਨੇ ਸਿਆਸੀ ਮਾਹਿਰਾਂ ਅਤੇ ਭਾਜਪਾ ਦੇ ਆਗੂਆਂ ਤੇ ਕਾਰਕੁਨਾਂ ਨੂੰ ਹੈਰਾਨੀ ਵਿਚ ਪਾ ਦਿੱਤਾ ਹੈ। ਛੱਤੀਸਗੜ੍ਹ ਵਿਚ ਵਿਸ਼ਨੂੰਦੇਵ ਸਾਏ ਨੂੰ ਮੁੱਖ ਮੰਤਰੀ ਬਣਾਇਆ ਗਿਆ ਹੈ, ਮੱਧ ਪ੍ਰਦੇਸ਼ ਵਿਚ ਮੋਹਨ ਯਾਦਵ ਅਤੇ ਰਾਜਸਥਾਨ ਵਿਚ ਭਜਨ ਲਾਲ ਸ਼ਰਮਾ ਨੂੰ। ਇਹ ਤਿੰਨੋਂ ਹੀ ਆਪੋ-ਆਪਣੇ ਸੂਬਿਆਂ ਵਿਚ ਮੁੱਖ ਮੰਤਰੀ ਦੇ ਅਹੁਦੇ ਲਈ ਮੂਹਰਲੇ ਉਮੀਦਵਾਰਾਂ ਵਿਚੋਂ ਨਹੀਂ ਸਨ। ਇਨ੍ਹਾਂ ਤਿੰਨਾਂ ਵਿਚ ਜੋ ਸਾਂਝ ਹੈ, ਉਹ ਹੈ ਉਨ੍ਹਾਂ ਦੀ ਰਾਸ਼ਟਰੀ ਸਵੈਮਸੇਵਕ ਸੰਘ ਨਾਲ ਨੇੜਤਾ। ਉੱਤਰ ਪ੍ਰਦੇਸ਼, ਗੁਜਰਾਤ ਤੇ ਹਰਿਆਣਾ ਦੇ ਮੁੱਖ ਮੰਤਰੀ ਵੀ ਇਸੇ ਪਿਛੋਕੜ ਤੋਂ ਹਨ ਅਤੇ ਇਹ ਪ੍ਰਤੀਤ ਹੁੰਦਾ ਹੈ ਕਿ ਅਸਾਮ ਤੇ ਉੱਤਰ ਪੂਰਬ ਦੇ ਸੂਬਿਆਂ ਨੂੰ ਛੱਡ ਕੇ ਭਾਜਪਾ ਆਗੂ ਚੁਣਨ ਵਿਚ ਉਨ੍ਹਾਂ ਵਿਅਕਤੀਆਂ ਨੂੰ ਤਰਜੀਹ ਦੇ ਰਹੀ ਹੈ ਜਿਹੜੇ ਆਰਐੱਸਐੱਸ ਨੂੰ ਪ੍ਰਵਾਨਿਤ ਹੋਣ। ਇਹ ਚੋਣ ਭਾਜਪਾ ਦੀ ਮਜਬੂਤੀ ਨੂੰ ਵੀ ਪੇਸ਼ ਕਰਦੀ ਹੈ ਕਿ ਉਹ ਵੱਡੇ ਆਗੂਆਂ ਨੂੰ ਤਰਜੀਹ ਦੇਣ ਦੀ ਥਾਂ ਜਥੇਬੰਦੀ ਅਤੇ ਵਿਚਾਰਧਾਰਕ ਪ੍ਰਤੀਬੱਧਤਾ ਨੂੰ ਤਰਜੀਹ ਦੇ ਰਹੀ ਹੈ। ਇਸ ਵਿਚ ਜਾਤੀ ਪਛਾਣਾਂ ਦਾ ਖ਼ਿਆਲ ਵੀ ਰੱਖਿਆ ਗਿਆ ਹੈ; ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਨੂੰਦੇਵ ਸਾਏ ਕਬਾਇਲੀ ਹਨ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਪਛੜੀ ਜਾਤੀ ਨਾਲ ਸਬੰਧਿਤ ਹਨ। ਮੱਧ ਪ੍ਰਦੇਸ਼ ਵਿਚ ਬ੍ਰਾਹਮਣ ਆਗੂ ਰਾਜਿੰਦਰ ਸ਼ੁਕਲਾ ਅਤੇ ਦਲਿਤ ਆਗੂ ਜਗਦੀਸ਼ ਦੇਵੜਾ ਨੂੰ ਉੱਪ ਮੁੱਖ ਮੰਤਰੀ ਬਣਾਇਆ ਹੈ। ਇਸੇ ਤਰ੍ਹਾਂ ਰਾਜਸਥਾਨ ਵਿਚ ਰਾਜਪੂਤ ਆਗੂ ਦੀਆ ਕੁਮਾਰੀ ਅਤੇ ਦਲਿਤ ਆਗੂ ਪ੍ਰੇਮ ਚੰਦ ਬੈਰਵਾ ਨੂੰ ਉੱਪ ਮੁੱਖ ਮੰਤਰੀ ਬਣਾਇਆ ਹੈ। ਭਾਜਪਾ ਦਾ ਕਹਿਣਾ ਹੈ ਕਿ ਉਸ ਨੇ ਮੁੱਖ ਮੰਤਰੀਆਂ ਦੀ ਚੋਣ ਕਰਦਿਆਂ ਅਗਵਾਈ ਅਗਲੀ ਪੀੜ੍ਹੀ ਨੂੰ ਸੌਂਪੀ ਹੈ। ਭਾਜਪਾ ਦੀ ਜਥੇਬੰਦਕ ਤਾਕਤ ਏਨੀ ਮਜਬੂਤ ਹੈ ਕਿ ਕਿਸੇ ਵੀ ਆਗੂ ਨੇ ਨਵੇਂ ਮੁੱਖ ਮੰਤਰੀਆਂ ਦੀ ਚੋਣ 'ਤੇ ਉਜਰ ਨਹੀਂ ਕੀਤਾ; ਮੱਧ ਪ੍ਰਦੇਸ਼ ਵਿਚ ਮੋਹਨ ਯਾਦਵ ਦਾ ਨਾਂ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਤਜਵੀਜ ਕੀਤਾ ਅਤੇ ਛੱਤੀਸਗੜ੍ਹ ਵਿਚ ਵਿਸ਼ਨੂੰਦੇਵ ਸਾਏ ਦਾ ਨਾਂ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਨੇ। ਰਾਜਸਥਾਨ ਵਿਚ ਇਹ ਜ਼ਿੰਮੇਵਾਰੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨੇ ਨਿਭਾਈ। ਇਨ੍ਹਾਂ ਵਿਚੋਂ ਸਭ ਤੋਂ ਹੈਰਾਨ ਕਰ ਦੇਣ ਵਾਲੀ ਚੋਣ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਦੀ ਹੈ ਜੋ ਪਹਿਲੀ ਵਾਰ ਵਿਧਾਇਕ ਚੁਣਿਆ ਗਿਆ ਹੈ। ਉਹ ਭਾਜਪਾ ਦੀ ਰਾਜਸਥਾਨ ਇਕਾਈ ਦਾ ਜਨਰਲ ਸਕੱਤਰ ਰਿਹਾ ਹੈ ਅਤੇ ਇਸ ਤਰ੍ਹਾਂ ਉਸ ਨੂੰ ਜਥੇਬੰਦੀ, ਆਰਐੱਸਐੱਸ ਤੇ ਅਖਿਲ ਭਾਰਤੀਯ ਵਿਦਿਆਰਥੀ ਪਰਿਸਦ ਵਿਚ ਕੰਮ ਕਰਨ ਦਾ ਤਜਰਬਾ ਹੈ। ਇੱਥੇ ਇਹ ਯਾਦ ਕਰਨਾ ਵਾਜਿਬ ਹੋਵੇਗਾ ਕਿ ਨਰਿੰਦਰ ਮੋਦੀ ਨੂੰ ਵੀ ਇਸੇ ਤਰ੍ਹਾਂ ਗੁਜਰਾਤ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ। ਇਸ ਤਰ੍ਹਾਂ ਭਾਜਪਾ ਦੀ ਮੁੱਖ ਮੰਤਰੀਆਂ ਦੀ ਚੋਣ ਵਿਚ ਪਾਰਟੀ ਦਾ ਅਸੀਮ ਸ੍ਵੈ-ਵਿਸ਼ਵਾਸ ਝਲਕਦਾ ਹੈ ਜਿਸ ਦੇ ਆਧਾਰ 'ਤੇ ਉਹ 2024 ਦੀਆਂ ਲੋਕ ਸਭਾ ਚੋਣਾਂ ਲਈ ਤਿਆਰੀ ਕਰ ਰਹੀ ਹੈ; ਉਹ ਅਜਿਹੇ ਫੈਸਲੇ ਕਰਨ ਦੇ ਸਮਰੱਥ ਹੈ ਜਿਹੜੇ ਕੋਈ ਹੋਰ ਸਿਆਸੀ ਪਾਰਟੀ ਨਹੀਂ ਕਰ ਸਕਦੀ।

- ਕਰਮ ਸਿੰਘ 'ਕਰਮ'

'ਇਹ ਤੁਹਾਡੀ, ਆਹਾ ਸਾਡੀ'

ਕਰਮ ਸਿੰਘ ਕਰਮ

ਇਹ ਤੁਹਾਡੀ, ਆਹਾ ਸਾਡੀ, ਐਸੀ ਸੋਚ ਦਿੰਦੀ ਕਰ ਫ਼ਾਡੀ,
ਨਹੀਂ ਕਦੇ ਤੁੱਕੀ ਹੋਣੀ, ਜਿਨਾਂ ਚਿਰ, ਆਪਣੀ ਕਹਿੰਦੇ ਨਹੀਂ।
ਹੁੰਦੀ ਫ਼ੁੱਟ ਹਮੇਸ਼ਾਂ ਮਾੜੀ, ਦਿੰਦੀ ਰਹਿਣ ਨਾ ਪੱਕੀ ਆੜੀ,
ਟੁੱਟ ਜਾਂਦੇ ਖ਼ੂਨ ਦੇ ਰਿਸ਼ਤੇ, ਕਦੇ ਵੀ ਰਲਕੇ ਬਹਿੰਦੇ ਨਹੀਂ।
ਨਹੀਂ ਕਦੇ ਤੁੱਕੀ ਹੋਣੀ, ਜਿਨਾਂ ਚਿਰ,ਆਪਣੀ ਕਹਿੰਦੇ ਨਹੀਂ।
ਜੋ ਫਸਕੇ ਵਿੱਚ ਖ਼ੁਦਗਰਜ਼ੀ, ਕਰਨੋ ਡਰਦੇ ਨਾ ਅਲਗਰਜ਼ੀ,
ਸਵੈਮਾਣ ਗੁਆ ਕੇ ਆਪਣਾ, ਸੁਖ ਜ਼ਿੰਦਗੀ ਵਿੱਚ ਲੈਂਦੇ ਨਹੀਂ।
ਨਹੀਂ ਕਦੇ ਤੁੱਕੀ ਹੋਣੀ, ਜਿਨਾਂ ਚਿਰ, ਆਪਣੀ ਕਹਿੰਦੇ ਨਹੀਂ।
ਮੇਰੇ ਨੂੰ ਆਪਣਾ ਕਹੂਗਾ ਜੋ, ਹੋ ਦੁਖੀ ਕਦੇ ਨਾ ਬਹੂਗਾ ਓਹ,
ਜਿਸ ਘਰ'ਚ ਸੋਥਾ ਨਾ ਹੋਵੇ, ਉੱਥੇ ਵੈਰੀ ਸੌਖੇ ਢਹਿੰਦੇ ਨਹੀਂ।
ਨਹੀਂ ਕਦੇ ਤੁੱਕੀ ਹੋਣੀ, ਜਿਨਾਂ ਚਿਰ, ਆਪਣੀ ਕਹਿੰਦੇ ਨਹੀਂ।
ਮੇਰੇ ਨੂੰ ਆਪਣਾ ਕਹੀ ਤੂੰ ਚੱਲ, ਦੇਖੀਂ ਮਿਲਣਗੇ ਮਿੱਠੇ ਫਲ।
ਬਿਨ ਸੋਥੇ ਜੱਗ'ਚ 'ਕਰਮ' ਸਿਹਾਂ' ਕਦੇ ਚੁਬਾਰੇ ਪੈਂਦੇ ਨਹੀਂ।
ਨਹੀਂ ਕਦੇ ਤੁੱਕੀ ਹੋਣੀ, ਜਿਨਾਂ ਚਿਰ, ਆਪਣੀ ਕਹਿੰਦੇ ਨਹੀਂ।

'ਮੇਰਾ ਪ੍ਰਛਾਵਾਂ'

ਕਰਮ ਸਿੰਘ ਕਰਮ

ਮੇਰਾ ਯਾਰ ਮੇਰਾ ਪ੍ਰਛਾਵਾਂ, ਰਹਿੰਦਾ ਸਾਥ ਜਿੱਧਰ ਵੀ ਜਾਵਾਂ,
ਦਿੰਦਾ ਰਹੇ ਸਹਾਰਾ ਓਹ-
ਕਦੇ ਨਜ਼ਰ ਤੋਂ ਦੂਰ ਨੀਂ ਹੁੰਦਾ, ਲੱਗਦਾ ਬੜਾ ਪਿਆਰਾ ਓਹ-
ਲੱਗਦਾ ਬੜਾ ਪਿਆਰਾ ਓਹ ।
ਦੁੱਖ ਸੁੱਖ ਦਾ ਹੈ ਸਾਂਝੀ ਓਹ, ਤਾਰਨ ਵਾਲਾ ਮਾਂਝੀ ਓਹ
ਕੋਈ ਨਹੀਂ ਹੈ ਉਸਦੇ ਵਰਗਾ, ਸਾਰੇ ਜੱਗ ਤੋਂ ਨਿਆਰਾ ਓਹ,
ਕਦੇ ਨਜ਼ਰ ਤੋਂ ਦੂਰ ਨੀਂ ਹੁੰਦਾ, ਲੱਗਦਾ ਬੜਾ ਪਿਆਰਾ ਓਹ-
ਲੱਗਦਾ ਬੜਾ.....
ਨਾ ਪਾਉਂਦਾ ਹੈ ਕਦੇ ਜੁਦਾਈ, ਐਸੀ ਗੂੜ੍ਹੀ ਪ੍ਰੀਤ ਹੈ ਪਾਈ,
ਮੈਨੂੰ ਬੜਾ ਭਰੋਸਾ ਉਸ ਤੇ, ਕਦੇ ਨਾ ਕਰੂ ਕਿਨਾਰਾ ਓਹ,
ਕਦੇ ਨਜ਼ਰ ਤੋਂ ਦੂਰ ਨੀਂ ਹੁੰਦਾ, ਲੱਗਦਾ ਬੜਾ ਪਿਆਰਾ ਓਹ-
ਲੱਗਦਾ ਬੜਾ.....
ਉਸ ਦਾ ਨੇਹੁੰ ਹੈ ਐਨਾ ਪੱਕਾ, ਕਰੇ ਨਾ ਧੋਖਾ ਨਾਹੀਂ ਧੱਕਾ,
ਬਿਪਤਾ ਵੇਲੇ ਵੀ ਨੀਂ ਛੱਡਦਾ, ਕਦੇ ਵੀ ਸਾਥ ਹਮਾਰਾ ਓਹ
ਕਦੇ ਨਜ਼ਰ ਤੋਂ ਦੂਰ ਨੀਂ ਹੁੰਦਾ, ਲੱਗਦਾ ਬੜਾ ਪਿਆਰਾ ਓਹ-
ਲੱਗਦਾ ਬੜਾ.....
ਸਾਂਝ ਪਕੇਰੀ ਬੜੀ ਓਸਦੀ, ਔਗਣ ਵੀ ਨਹੀਂ ਕਦੇ ਕੋਸਦੀ
ਸ਼ਾਨ ਮੇਰੀ ਉਹ ਘੱਟਣ ਨਾ ਦੇਵੇ, ਦਿੰਦਾ ਸਦਾ ਹੁਲਾਰ੍ਹਾ ਓਹ
ਕਦੇ ਨਜ਼ਰ ਤੋਂ ਦੂਰ ਨੀਂ ਹੁੰਦਾ, ਲੱਗਦਾ ਬੜਾ ਪਿਆਰਾ ਓਹ-
ਲੱਗਦਾ ਬੜਾ.....
ਆਪਣਾ ਉਹਨੂੰ ਬਣਾਈਂ ਰੱਖੀਂ, ਉਸਦੇ ਭੇਤ ਛੁਪਾਈ ਰੱਖੀਂ
ਰਹੀਂ ਤੂੰ ਬਣਕੇ 'ਕਰਮ' ਓਸਦਾ, ਕਰ ਦੂ ਪਾਰ ਉਤਾਰਾ ਓਹ
ਕਦੇ ਨਜ਼ਰ ਤੋਂ ਦੂਰ ਨੀਂ ਹੁੰਦਾ, ਲੱਗਦਾ ਬੜਾ ਪਿਆਰਾ ਓਹ-
ਲੱਗਦਾ ਬੜਾ.....

ਸਿੱਖ

ਡਾ. ਰਾਏ ਮੋਹਿੰਦਰ ਸਿੰਘ

ਦੇਗੀ ਹਾਂ, ਅਸੀਂ ਭੁਖਿਆਂ ਲਈ ਨਿਵਾਲੇ ਹਾਂ।
ਤੇਗੀ ਹਾਂ, ਅਸੀਂ ਮਜ਼ਲੂਮਾਂ ਦੇ ਰਖਵਾਲੇ ਹਾਂ।
ਤਨ,ਮਨ,ਧਨ ਨਿਛਾਵਰ ਸੱਚੇ ਅਗੂ ਲਈ,
ਸਿਦਕੀ ਹਾਂ,ਮਤੀ, ਸਤੀ ਦਾਸ ਭਾਈ ਦਿਆਲੇ ਹਾਂ।
ਮੌਕੇ ਦਾ ਹਥਿਆਰ ਵੀ ਚਲਾਉਂਦੇ ਹਾਂ ਐਪਰ,
ਅਸੀਂ ਚਰਖੇ ਨਹੀਂ ਚਰਖੜੀਆਂ ਵਾਲੇ ਹਾਂ।
ਕੋਈ ਸਵਾਲੀ ਦਰ ਤੇ ਆਇਆ ਮੋੜਦੇ ਨਹੀਂ,
ਦਿਲ ਕਿਸੇ ਦਾ ਤੋੜਦੇ ਨਹੀਂ ,ਦਿਲ ਵਾਲੇ ਹਾਂ।
ਹੱਕ ਪ੍ਰਾਇਆ ਖਾਣਾ ਸਾਡੇ ਲਈ ਲਾਹਣਤ ਹੈ,
ਨਹੀਂ ਵਿਹਲੜ,ਕ੍ਰਿਤੀ ਵਪਾਰੀ ਅਤੇ ਹਲ੍ਹਵਾਲੇ ਹਾਂ।
ਬੰਨ੍ਹ ਬਸੰਤੀ ਤੁਰ ਪੈਂਦੇ ਹਾਂ ਮੌਤ ਵਿਆਹਵਣ ਲਈ,
'ਰਾਏ'ਅਸੀਂ ਭਗਤ ਸਿੰਘ ਦੇ ਸਰਬਾਲ੍ਹੇ ਹਾਂ।

.ਗਜ਼ਲ

ਜੀਤ ਸੁਰਜੀਤ

ਵਤਨ ਦੇ ਆਸਕਾਂ ਦੇ ਕਾਫ਼ਿਲੇ ਰੁਕਦੇ ਨਹੀਂ ਹੁੰਦੇ ।
ਸਫਰ ਐਸੇ, ਸਹਾਦਤ ਬਾਦ ਵੀ ਮੁਕਦੇ ਨਹੀਂ ਹੁੰਦੇ।
ਸਮੇਂ ਦੇ ਹਾਕਮਾਂ ਕੋਸ਼ਿਸ਼ ਕਰੀ ਝੁਕ ਜਾਣ ਇਹ ਸਾਇਦ,
ਮਗਰ ਸਾਡੇ ਸਿਰੀਂ ਵਰਦਾਨ ਇਹ ਝੁਕਦੇ ਨਹੀਂ ਹੁੰਦੇ।
ਹਨੇਰਾ ਆਪਣੀ ਬੁੱਕਲ 'ਚ,ਕਾਲਖ ਭਰ ਲਵੇ ਭਾਵੇਂ,
ਹੋ ਉਸ ਨੂੰ ਕਿ ਸੂਰਜ ਇਸ ਤਰ੍ਹਾਂ ਲੁਕਦੇ ਨਹੀਂ ਹੁੰਦੇ।
ਉਨ੍ਹਾਂ ਦੀ ਅੱਖ ਨੂੰ ਦਿਸਦੀ ਹੈ,ਕੇਵਲ ਅੱਖ ਮਛਲੀ ਦੀ,
ਨਿਸਾਨੇ ਤੋਂ ਕਦੇ ਅਰਜਨ ਰਤਾ ਉਕਦੇ ਨਹੀਂ ਹੁੰਦੇ।
ਜੋ ਅਸਲੀ ਸੂਰਮੇ ਹਥਿਆਰ ਦੀ ਪੂਜਾ ਨਹੀਂ ਕਰਦੇ,
ਕਦੇ ਮਜਲੂਮ ਤੇ ਹੱਥ ਆਪਣਾ ਚੁਕਦੇ ਨਹੀਂ ਹੁੰਦੇ।
ਜਿਨ੍ਹਾਂ ਜੜ੍ਹ ਮੂਲ ਨਾਲੋਂ ਨਾ,ਕਦੇ ਵੀ ਤੋੜਿਆ ਨਾਤਾ,
ਸਦਾ ਰਹਿੰਦੇ ਹਰੇ ਰੁੱਖ ਉਹ ਕਦੇ ਸੁਕਦੇ ਨਹੀਂ ਹੁੰਦੇ।
ਫਲਾਂ ਨੂੰ ਟੁੱਕਦੇ ਤੋਤੇ ਬਦਲ ਸਕਦੇ ਨਹੀਂ ਫਿਤਰਤ ,
ਉਡੰਤਰ ਬਾਜ ਫਸਲਾਂ ਨੂੰ ਕਦੇ ਟੁਕਦੇ ਨਹੀਂ ਹੁੰਦੇ।
ਅਜਾਦੀ ਨੂੰ ਵਿਆਹੁਣ 'ਜੀਤ' ਆਉਂਦੇ ਸੂਰਮੇ ਜੱਗ 'ਤੇ,
ਤੇ ਬੁਜਦਿਲ ਮੌਤ ਦੇ ਦਰ ਤੇ ਕਦੇ ਢੁਕਦੇ ਨਹੀਂ ਹੁੰਦੇ।

ਸਦਾ ਲਿਖੋ ਸਿੱਕੇਬੰਦ

ਅਮਰਜੀਤ ਕੌਰ ਮੋਰਿੰਡਾ

ਸਦਾ ਲਿਖੋ ਸਿੱਕੇਬੰਦ, ਬੰਨ੍ਹ ਲਵੋ ਵਿੱਚ ਛੰਦ,
ਬੋਲ ਮਿੱਠੇ ਗੁਲਕੰਦ, ਲਿਖ ਸੀਨਾ ਠਾਰੀਏ।
ਲਿਖਣਾ ਹੈ ਸੱਚ ਮਨ ਵਿੱਚ ਧਾਰੀਏ।
ਪਾ ਕੇ ਛੰਦਾਂ ਦਾ ਗਿਆਨ, ਬਣ ਜਾਵੋ ਵਿਦਵਾਨ,
ਉਹੀ ਰਚਨਾ ਮਹਾਨ, ਜੋ ਅਸਰ ਕਰਦੀ।
ਦਿਲਾਂ ਦੇ ਉੱਤੇ ਜਿਹੜੀ, ਸਿੱਧਾ ਵਾਰ ਕਰਦੀ।
ਕਾਨੀ ਲਿਖੇ ਸੱਚੋ ਸੱਚ, ਛੱਡੇ ਰਤਾ ਵੀ ਨਾ ਕੱਚ,
ਬੋਲ ਕਾਗਜ਼ਾਂ 'ਤੇ ਨੱਚ, ਪਾਵਣ ਧਮਾਲ ਜੀ।
ਪੜ੍ਹ ਸੁਣ ਸਾਰੇ ਕਹਿਣ, ਵਾਹ! ਹੈ ਕਮਾਲ ਜੀ।
ਖੁੱਲ੍ਹੀ ਕਵਿਤਾ ਨਾ ਭਾਵੇਂ, ਕੁਝ ਸਮਝ ਨਾ ਆਵੇ
ਬੜੀ ਛੇਤੀ ਭੁੱਲ ਜਾਵੇ, ਜਿਉਂ ਬਰਫ ਖਰਦੀ।
ਦਿਲਾਂ ਦੇ ਉੱਤੇ ਜਿਹੜੀ ਸਿੱਧਾ ਵਾਰ ਕਰਦੀ।
ਰਵਾਂ ਰਵੀਂ ਚੱਲੇ ਛੰਦ, ਜਿਵੇਂ ਪੂਣੀ ਵਿੱਚੋਂ ਤੰਦ,
ਮਿੱਠੀ ਜਿਵੇਂ ਕਲਾਕੰਦ, ਐਸਾ ਕਾਵਿ ਲਿਖੀਏ।
ਗੁਰੂ ਜੀ ਕੋਲੋਂ ਪਿੰਗਲ ਤੇ ਅਰੂਜ ਸਿੱਖੀਏ।
ਅਸ਼ਲੀਲਤਾ ਪਰੋਸ ਪੈਦਾ ਕਰੀਏ ਨਾ ਰੋਸ
ਗੱਲ ਕਰੋ ਸਦਾ ਠੋਸ ਮਨ ਜੋਸ਼ ਭਰਦੀ।
ਦਿਲਾਂ ਦੇ ਉੱਤੇ ਜਿਹੜੀ ਸਿੱਧਾ ਵਾਰ ਕਰਦੀ।
ਹੋਵੇ ਵਿੱਚ ਸੁਰ ਤਾਲ, ਕਰੇ ਲੈਅ ਵੀ ਕਮਾਲ,
ਜਦੋਂ ਗਾਵੇ ਹੇਕ ਨਾਲ, ਸੀਨੇ ਖਿੱਚ ਪਾਉਂਦੀ ਏ।
ਇਹੋ ਜਿਹੀ ਕਵਿਤਾ ਹੀ ਸਭ ਨੂੰ ਭਾਉਂਦੀ ਏ।
ਕਰੇ ਧਰਤੀ ਦੀ ਗੱਲ, ਕਿਸੇ ਮਸਲੇ ਦਾ ਹੱਲ,
ਜੁਲਮਾਂ ਨੂੰ ਪਾਵੇ ਠੱਲ੍ਹ, ਹੋਵੇ ਦੁੱਖ ਹਰਦੀ।
ਦਿਲਾਂ ਦੇ ਉੱਤੇ ਜਿਹੜੀ ਸਿੱਧਾ ਵਾਰ ਕਰਦੀ।

.ਗਜ਼ਲ

ਸਰਦਾਰ ਪੰਛੀ

ਉਸ ਲਈ ਦਿਲ ਦਾ ਮਹਿਲ ਸਜਾਣਾ ਹੁੰਦਾ ਹੈ।
ਜਿਸ ਨੂੰ ਦਿਲ ਦੇ ਵਿੱਚ ਵਸਾਣਾ ਹੁੰਦਾ ਹੈ।
ਮਾਂ ਦੇ ਅੱਗੇ ਸੀਸ ਨਿਵਾਣਾ ਹੁੰਦਾ ਹੈ,
ਕੁਝ ਨਾ ਦੇ ਕੇ ਸਭ ਕੁਝ ਪਾਣਾ ਹੁੰਦਾ ਹੈ।
ਅਪਣੀ ਅੱਖ ਚੋਂ ਡਿਗਦੇ ਹੰਝੂ ਗਿਣ ਗਿਣ ਕੇ,
ਹਿਜਰ ਦਾ ਔਖਾ ਸਮਾਂ ਲੰਘਾਣਾ ਹੁੰਦਾ ਹੈ।
ਝੂਠੇ ਯਾਰ ਤੇ ਫੇਰ ਭਰੋਸਾ ਕਰ ਲੈਣਾ,
ਮੂਰਖ ਖ਼ੁਦ ਨੂੰ ਆਪ ਬਨਾਣਾ ਹੁੰਦਾ ਹੈ।
ਮੁੜ ਮੁੜ ਅਪਣੀ ਮਹਿਬੂਬਾ ਦਾ ਨਾਂ ਲੈਕੇ,
ਅਪਣਾ ਅਪਣਾ ਸਾਹ ਮਹਿਕਾਣਾ ਹੁੰਦਾ ਹੈ।
ਘੱਲੇਗੀ ਜਿਸ ਪਾਸੇ ਉਦ੍ਹੀ ਕਮਾਨ ਉਹਨੂੰ,
ਤੀਰ ਨੇ ਓਸੇ ਪਾਸੇ ਜਾਣਾ ਹੁੰਦਾ ਹੈ।
ਤੇਰੇ ਬਿਨਾਂ ਬਹਾਰ ਵੀ ਪਤਝੜ ਹੈ 'ਪੰਛੀ',
ਮੌਸਮ ਤੇਰੇ ਨਾਲ ਸੁਹਾਣਾ ਹੁੰਦਾ ਹੈ।

ਨਵਾਂ ਜਨਮ

ਸ. ਬਲਬੀਰ ਸਿੰਘ
ਸੇਖੋਂ ਪਮਾਲ

ਮੇਰੀ ਇਹ ਕਹਾਣੀ ਮਨ ਜਿੱਤ ਵੀਕਲੀ ਦੇ ਮੁੱਖ ਸੇਵਾਦਾਰ ਸ੍ਰ. ਕਰਮ ਸਿੰਘ 'ਕਰਮ' ਵੱਲੋਂ ਪੰਜਾਬੀ ਮਾਂ ਬੋਲੀ, ਪੰਜਾਬੀ ਸੱਭਿਆਚਾਰ, ਪੰਜਾਬੀ ਪ੍ਰੰਪਰਾਵਾਂ, ਸਿੱਖ ਇਤਿਹਾਸ, ਸਿੱਖ ਧਰਮ ਅਤੇ ਸਮੁੱਚੀ ਇਨਸਾਨੀਅਤ ਦੇ ਭਲੇ ਵਾਸਤੇ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਨੂੰ ਸਮਰਪਿਤ ਹੈ।

'ਹਜ਼ਾਰੋਂ ਸਾਲ ਨਰਗਸ ਆਪਣੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਲ ਸੇ ਹੋਤਾ ਹੈ ਕੋਈ ਚਮਨ ਮੇਂ ਦੀਦਾਵਰ ਪੈਦਾ।'
- ਡਾਕਟਰ ਮੁਹੰਮਦ ਇਕਬਾਲ।

ਮੈਨੂੰ ਜਾਪ ਰਿਹਾ ਏ ਕਿ ਡਾਕਟਰ ਇਕਬਾਲ ਨੇ ਆਪਣਾ ਇਹ ਯਾਦਗਾਰੀ ਸ਼ੇਅਰ ਸ੍ਰ. ਕਰਮ ਸਿੰਘ ਵਰਗੇ ਕਿਸੇ ਧਰਮੀਂ ਇਨਸਾਨ ਦੀ ਨਿਰਮਲਤਾ, ਕੋਮਲਤਾ, ਉਦਾਰਤਾ, ਖੁੱਲ੍ਹਦਿਲੀ, ਕੁਲੀਨਤਾ, ਮਿਹਨਤ ਅਤੇ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੋਵੇਗਾ।

- ਬਲਬੀਰ ਸਿੰਘ ਸੇਖੋਂ ਪਮਾਲ

ਇੱਕ ਹਫ਼ਤਾ ਮੈਂ ਦਿੱਲੀ ਰਿਹਾ ਆਪਣੇ ਭਰਾ ਨਾਲ ਮੈਂ ਉੱਥੇ ਦੇ ਸਾਰੇ ਵੱਡੇ-ਵੱਡੇ ਗੁਰੂਘਰਾਂ ਵਿੱਚ ਗਿਆ ਅਤੇ ਉੱਥੇ ਦੀਆਂ ਸਾਰੀਆਂ ਇਤਿਹਾਸਕ ਇਮਾਰਤਾਂ ਵੇਖੀਆਂ। ਇੱਕ ਰਾਤ ਅਸੀਂ ਸਾਰਾ ਪ੍ਰੀਵਾਰ ਪੰਜ ਤਾਰਾ ਹੋਟਲ ਵਿੱਚ ਖਾਣਾ ਖਾਣ ਗਏ। ਮੇਰੀ ਪੂਰੀ ਆਓ ਭਗਤ ਹੋਈ ਓੱਥੇ।

ਦਿੱਲੀ ਵਿੱਚ ਰਹਿਣਾ ਕਿਹੜਾ ਸੌਖਾ ਏ। ਉੱਥੇ ਕੀੜੀਆਂ ਦੀ ਤਰ੍ਹਾਂ ਲੋਕ ਤੁਰੇ ਫਿਰਦੇ ਹਨ। ਕਮਜ਼ੋਰ ਬੰਦਾ ਤਾਂ ਉੱਥੇ ਸੜਕ ਨਹੀਂ ਟੱਪ ਸਕਦਾ। ਇੰਨ੍ਹਾਂ ਭੀੜ-ਭੜੱਕਾ ਕਿ ਸਾਹ ਵੀ ਔਖਾ ਆਉਂਦਾ ਹੈ।

ਪ੍ਰੀਵਾਰ ਵਿੱਚ ਰਹਿਕੇ ਮੈਂ ਦੇਖ ਲਿਆ ਸੀ ਕਿ ਉਹ ਪੂਰੀ ਸ਼ਾਨ ਨਾਲ ਰਹਿ ਰਹੇ ਸਨ। ਵੱਡੀ ਕੋਠੀ, ਨੌਕਰ, ਦੋ ਕਾਰਾਂ ਅਤੇ ਘਰ, ਹਰ ਕਿਸਮ ਦੇ ਮਹਿੰਗੇ ਸਾਜ਼ੋ ਸਮਾਨ ਨਾਲ ਭਰਿਆ ਹੋਇਆ ਸੀ। ਉਹ ਬਹੁਤ ਹੀ ਖੁਸ਼ ਅਤੇ ਖੁਸ਼ਹਾਲ ਪ੍ਰੀਵਾਰ ਲੱਗ ਰਿਹਾ ਸੀ।

ਪਿਛਲੇ ਪੰਜ ਦਿਨਾਂ ਵਿੱਚ ਨਾ ਹੀ ਮੈਂ ਅਤੇ ਨਾ ਹੀ ਮੇਰੇ ਭਰਾ ਨੇ ਕੋਈ ਪਿਛਲੀ ਗੱਲ ਛੇੜੀ ਸੀ। ਮੇਰੇ ਵਾਪਿਸ ਆਉਣ ਦੇ ਦੋ ਦਿਨ ਬਾਕੀ ਰਹਿ ਗਏ ਸਨ। ਵਕਤ ਮੇਰੇ ਹੱਥੋਂ ਨਿਕਲਦਾ ਜਾ ਰਿਹਾ ਸੀ। ਸਬੱਬ ਨਾਲ ਉਸ ਰਾਤ ਅਸੀਂ ਇਕੱਲੇ ਘਰ ਵਿੱਚ ਸਾਂ। ਬੱਚੇ ਬਾਹਰ ਕਿਸੇ ਪਾਰਟੀ ਤੇ ਗਏ ਹੋਏ ਸਨ। ਮੇਰੇ ਭਰਾ ਨੇ ਵਲੈਤੀ ਵਿਸਕੀ ਦੇ ਦੋ ਡਬਲ ਬਣਾਏ। ਇੱਕ ਗਲਾਸ ਮੈਨੂੰ ਫੜ੍ਹਾ ਦਿੱਤਾ। ਇੱਕ ਆਪ ਫੜ੍ਹ ਲਿਆ।

ਵਕਤ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮੈਂ ਬੋਲਿਆ, "ਗੁਰਦੀਪ, ਆਪਾਂ ਹੁਣ ਪਿਛਲੇ ਘਰ ਦਾ ਹਿਸਾਬ-ਕਿਤਾਬ ਕਰ ਲਈਏ।"

ਮੇਰੀ ਭਰਜਾਈ ਜਿਹੜੀ ਥੋੜ੍ਹੀ ਦੂਰੀ'ਤੇ ਬੈਠੀ ਸੀ ਉੱਠਕੇ ਬਿਲਕੁੱਲ ਸਾਡੇ ਸਾਹਮਣੇ ਸੋਫੇ'ਤੇ ਆ ਬੈਠੀ।

"ਵੀਰ, ਆਪਣੇ ਘਰ ਦੇ ਸਾਰੇ ਫੈਸਲੇ ਬਜ਼ੁਰਗ ਕਰਦੇ ਰਹੇ ਹਨ। ਪ੍ਰੀਵਾਰ ਉਨ੍ਹਾਂ ਦੇ ਕੀਤੇ ਫੈਸਲਿਆਂ'ਤੇ ਸਿਰ ਵੀ ਝੁਕਾਉਂਦਾ ਰਿਹਾ ਹੈ। ਉਹ ਹੁਕਮ ਦੇਣ ਵਾਲੇ ਅਤੇ ਅਸੀਂ ਉਸਦੀ ਪਾਲਣਾ ਕਰਨ ਵਾਲੇ।"

"ਵੀਰ, ਬਾਪੂ ਜੀ ਬਾਹਰੋਂ ਪੈਸਾ ਭੇਜਦੇ ਰਹੇ ਅਤੇ ਪਿੱਛੇ ਬਾਬਾ ਜੀ ਅਤੇ ਤਾਇਆ ਜੀ ਐਸ਼ ਕਰਦੇ ਰਹੇ। ਅਖੀਰ ਵੇਲੇ ਬਾਬੇ ਨੇ ਦੋ ਹਿੱਸੇ ਬਰਾਬਰ ਦੇ ਕਰ ਦਿੱਤੇ। ਬਾਪੂ ਕੁਸਕਿਆ ਨੀ। ਇਸੇ ਤਰ੍ਹਾਂ ਜੋ ਫੈਸਲਾ ਬਾਪੂ ਜੀ ਕਰ ਗਏ ਨੇ ਅਸੀਂ ਤਾਂ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਹੀ ਕੀਤੀ ਐ। ਅਸੀਂ ਕੌਣ ਹੁੰਦੇ ਹਾਂ ਬਜ਼ੁਰਗਾਂ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲੇ।" ਮੇਰਾ ਭਰਾ ਸਾਰਾ ਕੁੱਝ ਬੜੀ ਹੀ ਨਰਮੀ ਨਾਲ ਤੋਲ-ਤੋਲ ਕੇ ਬੋਲ ਰਿਹਾ ਸੀ।

ਗੁਰਦੀਪ ਨੇ ਉੱਠਕੇ ਦੋਨੋਂ ਖਾਲੀ ਗਲਾਸ ਫਿਰ ਭਰ ਦਿੱਤੇ। ਇੱਕ ਮੈਨੂੰ ਪਕੜਾ ਦਿੱਤਾ ਅਤੇ ਦੂਸਰਾ ਆਪ ਪਕੜੀ, ਆਪਣੀ ਥਾਂ'ਤੇ ਬੈਠਦਾ ਫਿਰ ਬੋਲਿਆ, "ਵੀਰਾ, ਦਿਲ ਛੋਟਾ ਨਾ ਕਰ। ਜਿੱਥੇ ਆਪਾਂ ਬੈਠੇ ਹਾਂ ਇਹ ਘਰ ਵੀ ਤੇਰਾ, ਪਿੰਡ ਅਤੇ ਸ਼ਹਿਰ ਵਾਲੀ ਸਾਰੀ ਜਾਇਦਾਦ ਵੀ ਤੇਰੀ ਐ। ਅਸੀਂ ਤਾਂ ਸਿਰਫ ਸਾਂਭ-ਸੰਭਾਲ ਕਰਨ ਵਾਲੇ ਹਾਂ। ਭਰਜਾਈ ਨੂੰ ਲੈ ਕੇ ਆ ਜਾ, ਇੱਥੇ ਰਹੁ। ਪਿੰਡ ਰਹੋ। ਜਿੱਥੇ ਜੀ ਕਰੇ, ਤੁਸੀਂ ਰਹੋ। ਸਾਰੇ ਥੋੜੇ ਪੈਰ ਧੋ-ਧੋ ਪੀਣਗੇ।"

"ਸਾਰਿਆਂ ਨੂੰ ਸੇਵਾ ਦਾ ਮੌਕਾ ਦਿਉ। ਤੁਹਾਡੇ ਭਰਾ ਨੇ ਮੇਰੇ ਦਿਲ ਦੀ ਗੱਲ ਆਖ ਦਿੱਤੀ ਹੈ। ਅਸੀਂ ਤੁਹਾਨੂੰ ਹੱਥੀਂ ਛਾਵਾਂ ਕਰਾਂਗੇ।" ਮੇਰੇ ਕੋਲ ਬੈਠੀ ਭਰਜਾਈ ਬੋਲ ਪਈ ਜਿਹੜੀ ਸਾਡੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ। ਮੈਂ ਗਲਾਸ ਵਿੱਚੋਂ ਘੁੱਟ ਭਰਦਾ ਆਪਣੇ ਭਰਾ ਅਤੇ ਭਰਜਾਈ ਵੱਲ ਤੱਕ ਰਿਹਾ ਸੀ। ਦੋਨੋਂ ਅਪਣੱਤ ਅਤੇ ਪਿਆਰ ਦੀਆਂ ਮੂਰਤੀਆਂ ਬਣੇ ਬੈਠੇ ਸਨ।

"ਤੁਹਾਡੇ ਪਿਆਰ ਅਤੇ ਸਤਿਕਾਰ ਦਾ ਧੰਨਵਾਦ ਏ। ਪਰ ਗੁਰਦੀਪ, ਇੱਕ ਗੱਲ ਦੱਸ, ਬਾਪੂ ਜੀ ਦੀ ਵਸੀਅਤ ਨੂੰ ਕਿਉਂ ਤਰੋੜਿਆ-ਮਰੋੜਿਆ ਗਿਆ ਹੈ। ਮੇਰੇ ਹਿੱਸੇ ਪਿਛਲੀ ਜ਼ਮੀਨ ਦਾ ਇੱਕ ਸਿਆੜ ਵੀ ਨਹੀਂ ਆਇਆ। ਮੈਂ ਵੀ ਉਸੇ ਬਾਪੂ ਦੀ ਔਲਾਦ ਹਾਂ। ਘਰ ਦੀ ਤਰੱਕੀ ਵਿਚ ਬਾਪੂ ਜੀ ਨਾਲ ਰਲ ਕੇ ਮੈਂ ਵੀ ਆਪਣਾ ਹਿੱਸਾ ਪਾਇਆ ਏ। ਨਾਲੇ ਲੁਧਿਆਣੇ ਵਾਲੀ ਮੇਰੀ ਕੋਠੀ, ਭੂਆ ਨੇ ਕਿਸ ਤਰ੍ਹਾਂ ਹੜੱਪ ਕਰ ਲਈ।" ਮੈਂ ਹਿੰਮਤ ਨਾਲ ਦਿਲ ਦੀ ਗੱਲ ਕਰਕੇ ਆਪਣੇ ਮਨ ਦਾ ਭਾਰ ਹੌਲਾ ਕਰ ਲਿਆ ਸੀ। ਮੇਰੀਆਂ ਸਪੱਸ਼ਟ ਤੇ ਸੱਚੀਆਂ ਗੱਲਾਂ ਸੁਣਕੇ ਦੋਨੋਂ ਮੀਆਂ ਬੀਵੀ ਦੇ ਚਿਹਰਿਆਂ ਦੀ ਰੰਗਤ ਫਿੱਕੀ ਪੈ ਗਈ ਸੀ।

"ਵੀਰ ਜੀ, ਮਾਰੋ ਗੋਲੀ ਵਸੀਅਤ ਦੇ। ਇੰਨ੍ਹੀਆਂ ਪੁਰਾਣੀਆਂ ਗੱਲਾਂ ਦੁਹਰਾਉਣ ਦਾ ਕੀ ਫਾਇਦਾ ਹੁਣ। ਇੱਥੇ ਆਕੇ ਬੈਠੋ ਤਾਂ ਸਹੀ ਸਾਡੇ ਵਿੱਚ, ਸਾਰਾ ਕੁੱਝ ਤੁਹਾਡਾ ਹੀ ਹੈ। ਕੀ ਫਰਕ ਪੈਂਦਾ ਏ ਕਿਹੜੀ ਚੀਜ਼ ਕਿਸ ਦੇ ਨਾਂ ਹੈ। ਆਪਾਂ ਸਾਰੇ ਇਕੱਠੇ ਹਾਂ। ਇੱਕ ਹਾਂ। ਤੁਸੀਂ ਵਲੈਤ'ਚ ਰਹਿ ਰਹੇ ਹੋ। ਅਸੀਂ ਇੱਥੇ ਦਿੱਲੀ। ਦਿਲ ਤਾਂ ਆਪਣੇ ਸਾਰਿਆਂ ਦੇ ਇੱਕ ਹੀ ਹੈ। ਆਪਣੇ ਸਾਰਿਆਂ ਦੇ ਪਿਆਰ ਵਿੱਚ ਕੋਈ ਫਰਕ ਨਹੀਂ ਹੈ ਵੀਰ ਜੀ ਤੁਸੀਂ ਸਾਰੀ ਉਮਰ ਸਾਨੂੰ ਨਹੀਂ ਛੱਡਿਆ, ਅਸੀਂ ਤੁਹਾਡੇ ਆਸਰੇ ਹੀ ਅਸਮਾਨ'ਚ ਉੱਡੇ ਫਿਰਦੇ ਹਾਂ। ਹੁਣ ਇਸ ਉਮਰ ਵਿੱਚ, ਓਪਰਿਆਂ ਵਾਲੀਆਂ ਗੱਲਾਂ ਕਿਉਂ ਕਰਦੇ ਹੋ ?" ਭਰਜਾਈ ਦੀਆਂ ਗੱਲਾਂ ਦਾ ਮੈਂ ਕੀ ਜਵਾਬ ਦਿੰਦਾ। ਸ਼ਾਇਦ ਮੇਰੇ ਪਾਸ ਕੋਈ ਜਵਾਬ ਹੈ ਹੀ ਨਹੀਂ ਸੀ। ਜੇ ਹੈ ਵੀ ਸੀ ਤਾਂ ਮੇਰੇ ਵਿੱਚ ਕੋਰੇਪਨ ਨਾਲ ਉਹ ਕੁੱਝ ਆਖਣ ਦੀ ਹਿੰਮਤ ਖ਼ਤਮ ਹੋ ਗਈ ਸੀ। "ਵੀਰ ਜੀ, ਅਸੀਂ ਤੁਹਾਡਾ ਦੇਣ ਨਹੀਂ ਦੇ ਸਕਦੇ। ਜੋ ਕੁੱਝ ਅਸੀਂ ਹਾਂ, ਉਹ ਸਭ ਤੁਹਾਡੀ ਕ੍ਰਿਪਾ ਕਰਕੇ ਹੀ ਹੈ। ਜੋ ਚਾਹੋ ਸਾਥੋਂ ਲੈ ਸਕਦੇ ਹੋ। ਅਸੀਂ ਤੁਹਾਥੋਂ ਮੁਨਕਰ ਨਹੀਂ ਹਾਂ।" ਮੇਰਾ ਭਰਾ ਆਪਣੀ ਬੀਵੀ ਦੇ ਪਿੱਛੇ ਹੀ ਬੋਲਿਆ। ਦਰਅਸਲ ਉਸਨੇ ਆਪਣੀ ਬੀਵੀ ਦੇ ਆਖੇ ਬੋਲਾਂ'ਤੇ ਆਪਣੀ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ ਸੀ।

ਮੇਰੀ ਭਰਜਾਈ ਉੱਠੀ। ਅੰਦਰੋਂ ਦੋ ਡੱਬੀਆਂ ਚੁੱਕ ਲਿਆਈ। ਇੱਕ ਵਿਚ ਸੋਨੇ ਦਾ ਕੜ੍ਹਾ ਸੀ। ਉਹ ਉਸਨੇ ਮੇਰੇ ਹੱਥ ਵਿਚ ਪਾ ਦਿੱਤਾ। ਮੈਂ ਬਥੇਰੀ ਨਾਂਹ-ਨਾਂਹ ਕੀਤੀ ਉਸਨੇ ਕੁੱਝ ਨਹੀਂ ਸੁਣਿਆ। ਦੂਸਰੀ ਡੱਬੀ ਮੈਨੂੰ ਫੜ੍ਹਾ ਦਿੱਤੀ। ਉਸ ਵਿੱਚ ਮੇਰੀ ਬੀਵੀ ਵਾਸਤੇ ਸੋਨੇ ਦੀ ਕਾਫੀ ਭਾਰੀ ਜੰਜੀਰੀ ਸੀ। ਇੰਨ੍ਹੇ ਨੂੰ ਸਾਰੇ ਬੱਚੇ ਰੌਲਾ ਪਾਉਂਦੇ ਘਰ ਆ ਗਏ ਅਤੇ ਸਾਡੇ ਸਾਹਮਣੇ ਆ ਖਲੋਤੇ। ਜਦ ਗੁਰਦੀਪ ਨੇ ਉਨ੍ਹਾਂ ਨੂੰ ਦੱਸਿਆ ਕਿ ਤੁਹਾਡੇ ਤਾਇਆ ਜੀ ਪਰਸੋਂ ਨੂੰ ਵਲੈਤ ਵਾਪਿਸ ਜਾ ਰਹੇ ਹਨ ਤਾਂ ਉਨ੍ਹਾਂ ਦੀਆਂ ਦੋਨੋਂ ਨੂੰਹਾਂ ਨੇ ਆ ਕੇ ਮੈਨੂੰ ਜੱਫੀ ਪਾ ਲਈ ਅਤੇ ਦੋਨੋਂ ਮੁੰਡੇ ਮੇਰੇ ਪੈਰਾਂ ਵਿੱਚ ਮੇਰੇ ਗੋਡੇ ਪਕੜਕੇ ਬੈਠ ਗਏ। ਮੈਂ ਬੱਚਿਆਂ ਦਾ ਇੰਨ੍ਹਾਂ ਪਿਆਰ, ਇੰਨੀਂ ਨੇੜ੍ਹਤਾ ਵੇਖਕੇ ਦੰਗ ਰਹਿ ਗਿਆ। ਮੇਰੇ ਵਾਸਤੇ ਜ਼ਿੰਦਗੀ ਦਾ ਇਹ ਬਿਲਕੁੱਲ ਹੀ ਨਿਆਰਾ ਤਜ਼ਰਬਾ ਸੀ। ਬੱਚਿਆਂ ਨੇ ਜ਼ਬਰਦਸਤੀ ਜਹਾਜ਼ ਦੀ ਮੇਰੀ ਸੀਟ ਇੱਕ ਹਫਤੇ ਅੱਗੇ ਕਰ ਦਿੱਤੀ ਅਤੇ ਤੀਸਰੇ ਦਿਨ ਮੈਂ ਉਨ੍ਹਾਂ ਨਾਲ ਹਵਾਈ ਜਹਾਜ਼ ਦੁਆਰਾ ਗੋਆ ਚਲਿਆ ਗਿਆ। ਅਸੀਂ ਉੱਥੇ ਪੰਜ ਤਾਰਾ ਹੋਟਲ ਵਿਚ ਪੰਜ ਦਿਨ ਰਹੇ। ਉਨ੍ਹਾਂ ਬੱਚਿਆਂ ਨੇ ਮੇਰੇ'ਤੇ ਆਪਣਾ-ਆਪ ਨਿਛਾਵਰ ਕਰ ਦਿੱਤਾ। ਪਿਆਰ ਵਿਚ ਗੜ੍ਹੰਦ ਹੋਇਆ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਲੱਗ ਰਿਹਾ ਕਿ ਉਹ ਮੈਨੂੰ ਕੀ ਖੁਆਉਣ, ਕੀ ਪਿਆਉਣ, ਕਿੱਥੇ-ਕਿੱਥੇ ਘੁਮਾਉਣ। ਉਹ ਸ਼ੁਦਾਈਆਂ ਵਾਂਗ ਪੰਜੇ ਦਿਨ ਮੇਰੇ ਦੁਆਲੇ ਤਾਇਆ ਜੀ-ਤਾਇਆ ਜੀ ਕਹਿੰਦੇ ਘੁੰਮਦੇ ਰਹੇ।

(ਚਲਦਾ)

"ਸੰਸਾਰੀ ਪਦਾਰਥਾਂ.....!"

ਸੰਸਾਰੀ ਪਦਾਰਥਾਂ ਦੀ ਸ਼ਰਾਬ ਨੇ ਅੱਜ ਦੇ ਜੀਵਨ ਨੂੰ ਅੱਨ੍ਹਾਂ ਕਰ ਦਿੱਤਾ ਹੈ। ਉਹ ਇੱਕ ਅਜਿਹੇ ਮੋੜ ਤੇ ਖੜ੍ਹਾ ਹੈ ਜਿੱਥੇ ਜੇ ਉਹ ਅਗਾਂਹ ਵੱਧਦਾ ਹੈ ਤਾਂ ਅੱਗੇ ਖਾਈ ਹੈ ਤੇ ਜੇ ਪਿੱਛੇ ਹੱਟਦਾ ਹੈ ਤਾਂ ਨਮੋਸ਼ੀ ਹੈ। ਮਹਾਂਪੁਰਸ਼ਾਂ ਦੇ ਅਨਮੋਲ ਬਚਨ ਸਾਨੂੰ ਸਹੀ ਰਸਤਾ ਤਾਂ ਦਿਖਾ ਦਿੰਦੇ ਹਨ ਪਰ ਮਾਇਆ ਦੀ ਪੱਟੀ ਨੇ ਸਾਡੇ ਤੇ ਐਨਾ ਗਲਬਾ ਪਾਇਆ ਹੋਇਆ ਹੈ ਕਿ ਸਾਨੂੰ ਸਾਫ਼ ਦਿਖਾਈ ਨਹੀਂ ਦਿੰਦਾ। ਮਹਾਂਪੁਰਸ਼ਾਂ ਦਾ ਹੀ ਇੱਕ ਅਨਮੋਲ ਬਚਨ ਹੈ ਕਿ ਕਦੇ-ਕਦੇ ਕੁਦਰਤ ਸਾਡੀਆਂ ਅੱਖਾਂ ਆਂਸੂਆਂ ਨਾਲ ਧੋਂਦੀ ਹੈ ਤਾਂ ਕਿ ਸਾਨੂੰ ਸਾਫ਼ ਦਿਖਾਈ ਦੇਣ ਲੱਗ ਪਵੇ ਪਰ.....। ਜਿਹੜੀਆਂ ਦਾਤਾਂ ਨਾਲ ਅਕਾਲ ਪੁਰਖ ਨੇ ਨਿਵਾਜਿਆ ਹੋਇਆ ਹੈ ਉਹ ਸਾਨੂੰ ਯਾਦ ਨਹੀਂ ਰਹਿੰਦੀਆਂ ਤੇ ਅਸੀਂ ਅਧੂਰੀਆਂ ਖਵਾਹਿਸ਼ਾਂ ਪਿੱਛੇ ਭੱਟਕਦੇ ਰਹਿੰਦੇ ਹਾਂ। ਆਪਾਂ ਤਕਰੀਬਨ ਸਾਰਿਆਂ ਨੇ ਹੀ 'ਲਾਲਚੀ ਕੁੱਤਾ' ਕਹਾਣੀ ਪੜ੍ਹੀ ਹੋਵੇਗੀ। ਉਸਦਾ ਅੱਪਣਾ ਹੀ ਅਕਸ ਪਾਣੀ ਵਿੱਚ ਦਿਸ ਰਿਹਾ ਸੀ ਜਦੋਂ ਉਸਨੇ ਦੂਸਰੇ ਦੀ ਹੱਡੀ ਲੈਣ ਵਾਸਤੇ ਮੂੰਹ ਖੋਲ੍ਹਿਆ ਤਾਂ ਆਪਣੀ ਹੱਡੀ ਵੀ ਗੰਵਾ ਬੈਠਾ।

ਇਹ ਸੰਸਾਰੀ ਪਦਾਰਥ ਸਾਥ ਨਹੀਂ ਦਿੰਦੇ, ਇੰਨ੍ਹਾਂ ਤੋਂ ਬਗੈਰ ਜੀਵਨ ਦੀ ਗੱਡੀ ਵੀ ਨਹੀਂ ਚੱਲਦੀ ਪਰ ਜਦੋਂ ਅਸੀਂ ਲਾਲਚ ਕਰਦੇ ਹਾਂ ਤਾਂ ਜੋ ਕੁੱਝ ਸਾਨੂੰ ਮਿਲਿਆ ਹੋਇਆ ਹੈ ਸਾਨੂੰ ਥੋੜ੍ਹਾ ਲੱਗਦਾ ਹੈ ਤੇ ਜ਼ਿਆਦਾ ਲੈਣ ਦੀ ਖਾਤਰ ਅਸੀਂ ਜੋ ਕੁੱਝ ਸਾਨੂੰ ਮਿਲਿਆ ਹੋਇਆ ਹੁੰਦਾ ਹੈ ਉਹ ਵੀ ਗੰਵਾ ਲੈਂਦੇ ਹਾਂ। ਸਬਰ, ਸੰਤੋਖ ਤੋਂ ਬਿਨ੍ਹਾਂ ਸਾਡੀ ਸੰਸਾਰੀ ਪਦਾਰਥਾਂ ਦੀ ਪਿਆਸ ਕਦੇ ਮਿਟ ਨਹੀਂ ਸਕਦੀ। ਫਿਰ ਸਵਾਲ ਹੈ ਕਿ ਕੀ ਇਹ ਪਿਆਸ ਕਦੇ ਮਿਟਦੀ ਵੀ ਹੈ ਯਾਂ ਨਹੀਂ ? ਬੰਦਗੀ ਤੋਂ ਬਿਨ੍ਹਾਂ, ਅੱਛੇ ਕਿਰਦਾਰ ਤੋਂ ਬਿਨ੍ਹਾਂ, ਭੁੱਖਿਆਂ ਦੀ ਭੁੱਖ ਮਿਟਾਉਣ ਤੋਂ ਬਿਨ੍ਹਾਂ, ਗਰੀਬਾਂ, ਬੇਕਸਾਂ ਦਾ ਸਹਾਰਾ ਬਣਨ ਤੋਂ ਬਿਨ੍ਹਾਂ, ਅੱਛੇ-ਬੁਰੇ ਦੀ ਪਹਿਚਾਣ ਰੱਬ ਤੇ ਛੱਡਕੇ ਅੱਛਾ ਇਨਸਾਨ ਬਣਨ ਤੋਂ ਬਿਨ੍ਹਾਂ, ਜ਼ਾਤਾਂ ਦਾ ਭੇਦ ਭਾਵ ਛੱਡਕੇ ਸਭ ਨਾਲ ਬਰਾਬਰ ਦਾ ਸਲੂਕ ਕਰਨ ਤੋਂ ਬਿਨ੍ਹਾਂ ਇਹ ਸੰਸਾਰੀ ਪਦਾਰਥਾਂ ਦੀ ਸ਼ਰਾਬ ਦਾ ਨਸ਼ਾ ਨਹੀਂ ਲੱਥਣਾ।

ਜਦੋਂ ਅਸੀਂ ਦੁਨਿਆਵੀ ਧੱਨ-ਦੌਲਤ ਦਾ ਤਿਆਗ ਕਰ ਦਿੰਦੇ ਹਾਂ, ਇਸਤੋਂ ਉਪਰਾਮ ਹੋ ਜਾਂਦੇ ਹਾਂ ਤਾਂ ਸਾਡੇ ਅੰਦਰ ਦੀ ਜੋਤ ਪ੍ਰਭੂ ਦਰਸ਼ਨ ਨੂੰ ਪਾ ਲੈਂਦੀ ਹੈ। ਪ੍ਰਮਾਤਮਾਂ ਦੀ ਹੋਂਦ ਦਾ ਸਾਨੂੰ ਉਸ ਵੱਕਤ ਪਤਾ ਲੱਗਦਾ ਹੈ ਜਦੋਂ ਅਸੀਂ ਹੰਕਾਰ ਨੂੰ ਛੱਡਕੇ ਸਿਰਜਣਹਾਰ ਸੁਆਮੀ ਨੂੰ ਅਨੁਭਵ ਕਰ ਲੈਂਦੇ ਹਾਂ। ਬਾਹਰ ਦੇ ਪਹਿਰਾਵੇ ਦੀ ਸੁੱਚਮ, ਮਨ ਦੀ ਮੈਲ਼ ਨਹੀਂ ਲਾਹ ਸਕਦੀ। ਹੰਕਾਰ ਪੈਰ-ਪੈਰ ਤੇ ਸਾਡਾ ਪਿੱਛਾ ਕਰਦਾ ਰਹਿੰਦਾ ਹੈ ਜੇ ਕੋਈ ਇਸ ਗੱਲ ਦਾ ਦਾਅਵਾ ਕਰੇ ਕਿ ਉਸ ਵਿੱਚ ਕੋਈ ਐਬ ਨਹੀਂ, ਮਹਾਂਪੁਰਸ਼ਾਂ ਦੀ ਨਜ਼ਰ ਵਿੱਚ ਇਹ ਵੀ ਹੰਕਾਰ ਹੈ। ਦਿਨ-ਰਾਤ ਕੰਮ-ਕਾਰ ਕਰਦਿਆਂ ਹੋਇਆਂ ਅਕਾਲ ਪੁਰਖ ਦਾ ਨਾਮ ਚੇਤੇ ਰੱਖਣਾ ਇੱਕ ਸੱਚੇ ਮਾਰਗ ਤੇ ਤੁਰਨ ਦੀ ਨਿਸ਼ਾਨੀ ਹੈ। ਡਰ ਔਰ ਪਿਆਰ। ਜਿੰਨ੍ਹਾਂ ਚਿਰ ਸਾਡੇ ਦਿਲ ਵਿੱਚ ਅਕਾਲ ਪੁਰਖ ਦਾ ਡਰ ਨਹੀਂ, ਉਨ੍ਹਾਂ ਚਿਰ ਸਾਨੂੰ ਉਸ ਅਜ਼ੀਮ ਹਸਤੀ ਨਾਲ ਪਿਆਰ ਨਹੀਂ ਹੋ ਸਕਦਾ। ਜੇ ਕੋਈ ਗਲਤ ਕੰਮ ਕਰਨ ਲੱਗਿਆਂ ਤੁਹਾਡੀ ਅੰਤਰ-ਆਤਮਾਂ ਤੁਹਾਨੂੰ ਰੋਕਦੀ ਨਹੀਂ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਤੁਸੀਂ ਨੇਕੀ ਤੇ ਭਲਾਈ ਦੇ ਰਸਤੇ ਤੋਂ ਭੱਟਕ ਗਏ ਹੋ ਤੇ ਉਸਦਾ ਨਤੀਜਾ ਵੀ ਜਲਦੀ ਹੀ ਸਾਡੇ ਸਾਮ੍ਹਣੇ ਆ ਜਾਵੇਗਾ।

ਦਿਖਾਵੇ ਦੀਆਂ ਨੇਕੀਆਂ ਕਰਨ ਦਾ ਢੌਂਗ ਨਾ ਰਚਾਓ। ਉਹ ਹੱਸਤੀ ਸਮਝਦੀ ਹੈ ਕਿ ਤੁਸੀਂ ਕਿੰਨ੍ਹੇ ਕੁ ਪਾਣੀ ਵਿੱਚ ਹੋ। ਯਤੀਮਾਂ, ਗਰੀਬਾਂ ਦੀ ਬਿਹਤਰੀ, ਤੰਦਰੁਸਤੀ ਦੀ ਅਰਦਾਸ ਕਰਦੇ ਰਹੋ। ਜੇ ਤੁਸੀਂ ਸੱਚ-ਮੁੱਚ ਹੀ ਦਾਨਾਈ ਦੀ ਖਵਾਹਿਸ਼ ਰੱਖਦੇ ਹੋ ਤਾਂ ਹਮੇਸ਼ਾਂ ਉਸ ਅਕਾਲ ਪੁਰਖ ਦੀ ਬੇਅਵਾਜ਼ ਲਾਠੀ ਦਾ ਭੈਅ ਦਿਲ'ਚ ਵਸਾਈ ਰੱਖੋ। ਅਸੀਂ ਐਵੇਂ ਹੀ ਸ਼ੈਤਾਨ ਦੇ ਪਿੱਛੇ ਪਏ ਹੋਏ ਹਾਂ। ਸਾਡੀ ਅੱਪਨੀ ਹੀ ਜ਼ਿੰਦਗੀ ਨੇ ਸਾਡਾ ਜੀਣਾ ਮੁਹਾਲ ਕੀਤਾ ਹੋਇਆ ਹੈ। ਸਾਨੂੰ ਪਤਾ ਵੀ ਹੈ ਕਿ ਇਹ ਜ਼ਿੰਦਗੀ ਦੇ ਰੰਗ ਤਮਾਸ਼ੇ ਹਮੇਸ਼ਾਂ ਰਹਿਣ ਵਾਲੇ ਨਹੀਂ ਹਨ ਫਿਰ ਵੀ ਅਸੀਂ ਰੇਤ ਦੇ ਘਰ ਬਣਾ-ਬਣਾਕੇ ਖੁਸ਼ ਹੁੰਦੇ ਰਹਿੰਦੇ ਹਾਂ।

"ਜੋ ਸਬ ਸੇ ਚਾਹਤੇ ਹੋ ਤੁਮ ਖ਼ੁਦ ਵੁਹੀ ਕਰੋ।

ਯੇ ਫਲਸਫਾ ਸਭ ਕੋ ਬਤਾਤੇ ਚਲੇ ਚਲੋ।"

ਪੇਸ਼ਕਸ਼ - ਆਨੰਦ।

ਆਓ !ਆਪਣੇ ਸ਼

ਮੇਰੀ ਕਹਾਣੀ

ਕਿਸ਼ਤ 251

ਗੁਰਮੇਲ ਸਿੰਘ ਭੰਵਰਾ

ਗੱਲ ਕਰ ਰਿਹਾ ਸੀ ਉਸ ਬੜੇ ਚਰਚ ਦੀ ਜਿਸ ਵਿਚ ਵਾਸਕੋਡੇਗਾਮਾ ਦਾ ਲੰਮੇ ਪਏ ਦਾ ਬੁੱਤ ਸੀ। ਇਸ ਚਰਚ ਵਿਚ ਦੇਖਣ ਨੂੰ ਤਾਂ ਬਹੁਤ ਕੁਛ ਸੀ ਪਰ ਵਕਤ ਦੀ ਕਮੀ ਕਰਕੇ ਕੋਚ ਡਰਾਈਵਰ ਅਤੇ ਗਾਈਡ ਸਾਨੂੰ ਮੁਖ਼ਤਸਰ ਇਤਹਾਸਿਕ ਚੀਜਾਂ ਹੀ ਦਿਖਾ ਰਹੇ ਸਨ। ਇਸ ਚਰਚ ਤੋਂ ਬਾਹਰ ਆ ਕੇ ਗਾਈਡ ਨੇ ਸਾਨੂੰ ਇੱਕ ਹੋਰ ਚੀਜ਼ ਦਿਖਾਈ ਜੋ ਗੋਲ ਚੱਕਰ ਵਿਚ ਬਣਿਆਂ ਹੋਇਆ ਪੱਥਰ ਦਾ ਕਾਫੀ ਵੱਡਾ ਇੱਕ ਚਲ੍ਹਾ ਜਿਹਾ ਸੀ ਜਿਸ ਦੇ ਵਿਚਕਾਰ ਇੱਕ ਫੁਆਰਾ ਸੀ ਜਿਸ ਵਿਚੋਂ ਪਾਣੀ ਦੀਆਂ ਧਾਰਾਂ ਨਿਕਲ੍ਹ ਰਹੀਆਂ ਸਨ। ਇਸ ਫੁਆਰੇ ਦੇ ਆਲੇ ਦੁਆਲੇ ਬਹੁਤ ਸਾਰੇ ਝੰਡੇ ਬਣੇ ਹੋਏ ਸਨ। ਗਾਈਡ ਨੇ ਦੱਸਿਆ ਕਿ ਕਿਸੇ ਵਕਤ ਪੁਰਤਗਾਲ ਦਾ ਰਾਜ 25 ਦੇਸ਼ਾਂ ਤੇ ਹੁੰਦਾ ਸੀ। ਵੈਸੇ ਤਾਂ ਪੁਰਤਗਾਲ ਦਾ ਇੱਕ ਕੌਮੀ ਝੰਡਾ ਹੈ ਪਰ ਜਿਹਨਾਂ ਦੇਸ਼ਾਂ ਤੇ ਪੁਰਤਗਾਲ ਦਾ ਰਾਜ ਸੀ ਉਸ ਵਿਚ ਇੱਕ ਵੱਖਰੇ ਕਿਸਮ ਦਾ ਝੰਡਾ ਲਗਾਇਆ ਜਾਂਦਾ ਸੀ। ਇਸ ਤਰਾਂ ਪੁਰਤਗਾਲ ਦੇ ਰਾਜ ਵਿਚ ਇਹ ਪੰਝੀ ਝੰਡੇ ਹੁੰਦੇ ਸੀ। ਮੈਂ ਅਤੇ ਜਸਵੰਤ ਗੱਲਾਂ ਕਰਨ ਲੱਗੇ ਕਿ ਹੈਰਾਨੀ ਦੀ ਗੱਲ ਹੈ ਕਿ ਪੁਰਤਗਾਲ ਨੇ 25 ਦੇਸ਼ਾਂ ਨੂੰ ਆਪਣੇ ਅਧੀਨ ਕੀਤਾ ਹੋਇਆ ਸੀ, ਸਾਨੂੰ ਤਾਂ ਅੰਗਰੇਜ਼ਾਂ ਦੇ ਰਾਜ ਵਾਰੇ ਭੀ ਪੂਰਾ ਪਤਾ ਨਹੀਂ ਸੀ ਕਿ ਉਹਨਾਂ ਦੇ ਥੱਲੇ ਕਿੰਨੇ ਦੇਸ਼ ਸਨ, ਬਸ ਇਹ ਹੀ ਪੜ੍ਹਦੇ ਹੁੰਦੇ ਸੀ ਕਿ ਅੰਗਰੇਜ਼ਾਂ ਦੇ ਰਾਜ ਵਿਚ ਕਦੇ ਸੂਰਜ ਛੁਪਦਾ ਨਹੀਂ ਸੀ ਕਿਉਂਕਿ ਉਹਨਾਂ ਦੇ ਥੱਲੇ ਇੰਨੇ ਦੇਸ਼ ਸਨ ਕਿ ਜੇ ਇੱਕ ਦੇਸ਼ ਵਿਚ ਸੂਰਜ ਛੁਪਦਾ ਹੋਵੇ ਤਾਂ ਦੂਜੇ ਦੇਸ਼ ਵਿਚ ਸੂਰਜ ਚੜ੍ਹ ਜਾਂਦਾ ਸੀ। ਹੁਣ ਕੋਚ ਡਰਾਈਵਰ ਨੇ ਸਾਨੂੰ ਮੈਕਡੌਨਲਡ ਵਿਚ ਜਾਣ ਵਾਸਤੇ ਵਕਤ ਦੇ ਦਿੱਤਾ ਅਤੇ ਸਾਰੇ ਟੂਰਿਸਟ ਮੈਕਡੌਲਡ ਵਿਚ ਜਾ ਵੜੇ। ਮੈਂ ਇਹ ਸੋਚ ਰਿਹਾ ਸੀ ਕਿ ਜਿਥੇ ਭੀ ਜਾਈਏ ਅੱਗੇ ਮੈਕਡੌਨਲਡ ਹੁੰਦਾ ਹੈ, ਇਹ ਭੀ ਇਵੇਂ ਹੀ ਹੈ ਜਿਵੇਂ ਮੈਕਡੌਨਲਡ ਭੀ ਸਾਰੀ ਦੁਨੀਆਂ ਤੇ ਰਾਜ ਕਰਦਾ ਹੋਵੇ। ਖਾ ਪੀ ਕੇ ਬਾਹਰ ਆ ਗਏ ਅਤੇ ਕੋਚ ਵਿਚ ਬੈਠ ਗਏ। ਕੋਚ ਵਾਲਾ ਸਾਨੂੰ ਬੈਲਮ ਪਾਰਕ ਵਿਚ ਲੈ ਆਇਆ। ਇਹ ਜਗ੍ਹਾ ਲਿਜ਼ਬਨ ਦੀ ਪ੍ਰਸਿੱਧ ਜਗ੍ਹਾ ਹੈ ਜਿਸ ਦੇ ਇੱਕ ਪਾਸੇ ਸਮੁੰਦਰ ਲਗਦਾ ਹੈ। ਇਹ ਬਹੁਤ ਸੁੰਦਰ ਪਾਰਕ ਹੈ ਅਤੇ ਇਥੇ ਇਤਹਾਸਿਕ ਗੱਲਾਂ ਬਹੁਤ ਜਾਣਨ ਵਾਲੀਆਂ ਹਨ, ਬਹੁਤ ਮਹੱਤਵਪੂਰਨ ਜਗ੍ਹਾ ਹੈ ਇਹ। ਨੇੜੇ ਹੀ ਬਿਲਕੁਲ ਸਮੁੰਦਰ ਦੇ ਕੰਢੇ ਤੇ ਬਣੀ ਇੱਕ ਪੁਰਾਤਨ ਇਮਾਰਤ ਦੇਖਣ ਲਈ ਅਸੀਂ ਚੱਲ ਪਏ ਜੋ ਕੁਛ ਕਦਮ ਅੱਗੇ ਹੀ ਸੀ। ਦੇਖਣ ਨੂੰ ਇਹ ਛੋਟੀ ਜਿਹੀ ਕਈ ਮੰਜਲਾ ਇਮਾਰਤ ਸੀ, ਯਾਦ ਨਹੀਂ ਸ਼ਾਇਦ ਪੰਜ ਛੇ ਮੰਜਲ ਹੋਵੇ। ਇਹ ਸਮੁੰਦਰ ਵਿਚ ਬਿਲਕੁਲ ਕੰਢੇ ਤੇ ਬਣੀ ਹੋਈ ਹੈ ਅਤੇ ਇਸ ਵਿਚ ਦਾਖਲ ਹੋਣ ਲਈ ਲਕੜੀ ਦਾ ਬਣਿਆ ਹੋਇਆ ਪੁਲ੍ਹ ਜਿਹਾ ਹੈ ਜੋ ਵੀਹ ਪੰਝੀ ਫੁੱਟ ਲੰਮਾ ਹੋਵੇਗਾ। ਇਸ ਕਿਲੇ ਵਿਚ ਆਰਟ ਨਾਂ ਦੀ ਕੋਈ ਚੀਜ ਨਹੀਂ ਹੈ। ਦੂਰੋਂ ਦੇਖਣ ਨੂੰ ਇਹ ਕਈ ਮੰਜਲਾ ਚੁਬਾਰਿਆਂ ਵਰਗੀ ਲਗਦੀ ਹੈ ਅਤੇ ਇਸ ਦਾ ਦਾਇਰਾ ਭੀ ਕੋਈ ਇੰਨਾ ਵੱਡਾ ਨਹੀਂ ਹੈ। ਇਸ ਦੀ ਹਰ ਮੰਜ਼ਿਲ ਤੇ ਝਰੋਖਿਆਂ ਵਿਚ ਦੀ ਤੋਪਾਂ ਬੀੜੀਆਂ ਹੋਇਆ ਹਨ ਜਿਹਨਾਂ ਦਾ ਮੂੰਹ ਸਮੁੰਦਰ ਵਲ ਨੂੰ ਹੈ। ਗਾਈਡ ਨੇ ਦੱਸਿਆ ਕਿ ਇਹੋ ਜਿਹੀਆਂ ਹੋਰ ਇਮਾਰਤਾਂ ਭੀ ਲਿਜ਼ਬਨ ਦੇ ਸਾਰੇ ਤਟ ਤੇ ਸਮੁੰਦਰ ਵਲ ਨੂੰ ਬੀੜੀਆਂ ਹੋਈਆਂ ਸਨ। ਇਹਨਾਂ ਦਾ ਮਕਸਦ ਸਮੁੰਦਰ ਵਿਚੋਂ ਦੁਸ਼ਮਣ ਦੇ ਜਹਾਜ਼ਾਂ ਵਿਚੋਂ ਹੁੰਦੇ ਹਮਲੇ ਨੂੰ ਰੋਕਣਾ ਸੀ। ਇਥੇ ਇਹ ਗੱਲ ਭੀ ਨੋਟ ਕਰਨ ਵਾਲੀ ਹੈ ਕਿ ਜਿਵੇਂ ਸਾਡੇ ਦੇਸ਼ ਉਪਰ ਦੱਰਾ ਖੈਬਰ ਦੇ ਖੁਸ਼ਕੀ ਰਸਤੇ ਥਾਣੀ ਭਾਰਤ ਤੇ ਹਮਲੇ ਹੁੰਦੇ ਰਹੇ ਇਸੇ ਤਰਾਂ ਯੂਰਪ ਵਿਚ ਸਮੁੰਦਰੀ ਲੜਾਈਆਂ ਹੁੰਦੀਆਂ ਸਨ ਜਿਹਨਾਂ ਵਿਚੋਂ ਸਪੈਨਿਸ਼ ਅਰਮਾਡਾ ਬਹੁਤ ਪ੍ਰਸਿੱਧ ਹੈ ਜਿਸ ਨਾਲ ਸਪੇਨ ਨੇ ਬਹੁਤ ਸਾਰੇ ਸਮੁੰਦਰੀ ਜਹਾਜ਼ਾਂ ਨਾਲ ਇੰਗਲੈਂਡ ਉਪਰ ਹਮਲਾ ਕੀਤਾ ਸੀ। ਹਰ ਮੰਜ਼ਿਲ ਤੇ ਜਾਣ ਲਈ ਪਥਰ ਦੀਆਂ ਪੌੜੀਆਂ ਬਣੀਆਂ ਹੋਇਆ ਹਨ। ਮੈਂ ਅਤੇ ਜਸਵੰਤ ਆਖਰੀ ਮੰਜ਼ਿਲ ਤਕ ਪਹੁੰਚ ਗਏ ਅਤੇ ਵਿਸ਼ਾਲ ਸਮੁੰਦਰ ਵਲ ਨੂੰ ਝਾਕਣ ਲੱਗੇ।

ਅੱਧਾ ਕੁ ਘੰਟਾ ਬਿਤਾ ਕੇ ਅਸੀਂ ਥੱਲੇ ਆ ਗਏ ਅਤੇ ਕੁਛ ਗਜ਼ ਦੂਰ ਬਣੇ ਹੋਏ ਇੱਕ ਰੈਪਲੀਕਾ ਐਰੋਪਲੇਨ ਨੂੰ ਦੇਖਣ ਲੱਗੇ। ਇਸ ਵਾਰੇ ਜੋ ਗਾਈਡ ਨੇ ਦੱਸਿਆ ਜ਼ਿਆਦਾ ਤਾਂ ਯਾਦ ਨਹੀਂ ਹੈ ਪਰ ਉਸ ਦੀ ਇਹ ਗੱਲ ਯਾਦ ਹੈ ਕਿ ਕੋਈ ਸੌ ਸਾਲ ਪਹਿਲਾਂ ਇਹੋ ਜਿਹਾ ਐਰੋਪਲੇਨ ਸੀ ਜਿਸ ਦੇ ਪਾਇਲਟ ਨੇ ਸਮੁੰਦਰ ਉੱਪਰ ਅੱਠ ਹਜ਼ਾਰ ਮੀਲ ਦਾ ਸਫ਼ਰ ਤੈਅ ਕਰਨਾ ਸੀ ਜੋ ਉਸ ਵਕਤ ਅਸੰਭਵ ਮੰਨਿਆ ਜਾਂਦਾ ਸੀ ਕਿਉਂਕਿ ਉਸ ਵਕਤ ਸਾਇੰਸ ਨੇ ਇੰਨੀ ਉਨਤੀ ਨਹੀਂ ਕੀਤੀ ਸੀ। ਇਸ ਪਾਇਲਟ ਦੀ ਇਹ ਕੋਸ਼ਿਸ਼ ਕਾਮਯਾਬ ਨਹੀਂ ਹੋਈ ਸੀ ਅਤੇ ਸਮੁੰਦਰ ਵਿਚ ਹੀ ਡਿਗ ਪਿਆ ਸੀ ਲੇਕਿਨ ਪਾਇਲਟ ਨੂੰ ਇਕ ਅੰਗਰੇਜ਼ਾਂ ਦੇ ਜਹਾਜ਼ ਨੇ ਬਚਾ ਲਿਆ ਸੀ। ਇਕ ਪਾਸੇ ਸਮੁੰਦਰ ਦੇ ਬਿਲਕੁਲ ਕੰਢੇ ਤੇ ਇੱਕ ਮੈਮੋਰੀਅਲ ਬਣਿਆ ਹੋਇਆ ਹੈ। ਇਹ ਤਿਕੋਣੀ ਸ਼ਕਲ ਦਾ ਹੈ ਜਿਸ ਤਰਾਂ ਸਾਡੇ ਦੇਸ਼ ਵਿਚ ਦਿੱਲੀ ਅਤੇ ਜੈ ਪੁਰ ਦੇ ਜੰਤਰ ਮੰਤਰ ਵਿਚ ਵੱਡੀਆਂ ਵੱਡੀਆਂ ਤਿਰਕੋਣਾਂ ਬਣੀਆਂ ਹੋਈਆਂ ਹਨ। ਇਸ ਤਿਰਕੋਣ ਦੇ ਹਰ ਪੌਂਡੇ ਤੇ ਪ੍ਰਸਿੱਧ ਹਸਤੀਆਂ ਦੇ ਨਿਸ਼ਾਨ ਬਣੇ ਹੋਏ ਹਨ। ਪਹਿਲਾਂ ਇਹ ਮੈਮੋਰੀਅਲ 1940 ਵਿਚ ਬਣਿਆ ਸੀ। ਫਿਰ ਜਦ ਹੈਨਰੀ ਦੀ ਨੈਵੀਗੇਟਰ ਦੇ ਦਿਹਾਂਤ ਨੂੰ 1960 ਵਿਚ ਪੰਜ ਸੌ ਸਾਲ ਹੋਏ ਤਾਂ ਇਹ ਉਸ ਦੀ ਯਾਦ ਵਿਚ ਫਿਰ ਤੋਂ ਬਣਾਇਆ ਗਿਆ ਸੀ। ਇਸ ਦੇ ਸਿਖਰ ਤੇ ਹੈਨਰੀ ਦਾ ਬੁੱਤ ਹੈ ਜਿਸ ਦੇ ਹੱਥ ਵਿਚ ਇੱਕ ਛੋਟਾ ਜਿਹਾ ਸ਼ਿਪ ਬਣਿਆ ਹੋਇਆ ਹੈ, ਇਸ ਤੋਂ ਪਿਛੇ ਵਾਸਕੋਡੇਗਾਮਾ ਅਤੇ ਇਸ ਤਰਾਂ ਕ੍ਰਮਵਾਰ ਪੁਰਤਗਾਲ ਦੀਆਂ ਪ੍ਰਸਿੱਧ ਹਸਤੀਆਂ ਦੇ ਬੁੱਤ ਬਣੇ ਹੋਏ ਹਨ। ਇਹ ਮੈਮੋਰੀਅਲ ਉਸੇ ਜਗ੍ਹਾ ਤੇ ਬਣਿਆ ਹੋਇਆ ਹੈ ਜਿਥੋਂ ਵਾਸਕੋਡੇਗਾਮਾ ਇੰਡੀਆ ਵਾਸਤੇ ਰਵਾਨਾ ਹੋਇਆ ਸੀ। ਇਸ ਮੈਮੋਰੀਅਲ ਉਪਰ ਪੁਰਤਗਾਲ ਦੀਆਂ 25 ਪ੍ਰਸਿੱਧ ਹਸਤੀਆਂ ਦੇ ਬੁੱਤ ਬਣੇ ਹੋਏ ਹਨ। ਹੁਣ ਸਾਡਾ ਗਾਈਡ ਸਾਨੂੰ ਇੱਕ ਐਸੀ ਜਗ੍ਹਾ ਤੇ ਲੈ ਆਇਆ ਜਿਥੇ ਜ਼ਮੀਨ ਉਪਰ ਹੀ ਦੁਨੀਆ ਦਾ ਇੱਕ ਨਕਸ਼ਾ ਬਣਿਆ ਹੋਇਆ ਸੀ ਜਿਸ ਤਰਾਂ ਗਲੋਵ ਹੁੰਦਾ ਹੈ।

ਗਾਈਡ ਨੇ ਦੱਸਿਆ ਕਿ ਪੁਰਤਗਾਲ ਦੇ ਅਧੀਨ ਪੰਝੀ ਦੇਸ਼ ਸਨ ਹੀ ਪਰ ਕਈ ਛੋਟੇ ਛੋਟੇ ਟਾਪੂ ਭੀ ਸਨ ਅਤੇ ਇਸ ਤਰਾਂ ਇਹ ਸਭ 52 ਹੋ ਜਾਂਦੇ ਸਨ। ਹੌਲੀ ਹੌਲੀ ਇਹ ਸਾਰੇ ਦੇਸ਼ ਆਜ਼ਾਦ ਹੋ ਗਏ ਸਨ ਜਿਹਨਾਂ ਵਿਚੋਂ ਅਖੀਰ ਦਾ ਮਕਾਓ ਸੀ ਜੋ ਕੁਛ ਹੀ ਸਾਲ ਹੋਏ ਆਜ਼ਾਦ ਹੋਇਆ ਹੈ। ਜ਼ਮੀਨ ਤੇ ਬਣੇ ਇਸ ਨਕਸ਼ੇ ਦਾ ਮਕਸਦ ਇਹ ਦਰਸਾਉਣਾ ਸੀ ਕਿ ਕਿਵੇਂ ਵਿਓਪਾਰ ਹੁੰਦਾ ਸੀ ਅਤੇ ਕਿਥੋਂ ਕਿਥੋਂ ਤਕ ਹੋ ਕੇ ਪੁਰਤਗਾਲ ਦੇ ਜਹਾਜ਼ ਜਾਂਦੇ ਸਨ। ਉਸ ਨੇ ਵਿਓਪਾਰ ਵਾਰੇ ਕਾਫੀ ਕੁਛ ਦੱਸਿਆ ਸੀ ਪਰ ਹੁਣ ਇੰਨਾ ਯਾਦ ਨਹੀਂ। ਉਸ ਦੇ ਦੱਸਣ ਅਨੁਸਾਰ ਪੁਰਤਗਾਲ ਬਹੁਤ ਅਮੀਰ ਦੇਸ਼ ਹੁੰਦਾ ਸੀ ਅਤੇ ਇਸ ਦੀ ਵਜਹ ਇਹਨਾਂ ਅਧੀਨ ਹੋਏ ਦੇਸ਼ਾਂ ਕਰਕੇ ਹੀ ਸੀ ਜਿਸ ਦਾ ਵੱਡਾ ਸਰੋਤ ਸੀ ਸਲੇਵ ਟਰੇਡ, ਜਿਸ ਵਿਚ ਬਹੁਤ ਮੁਨਾਫ਼ਾ ਸੀ। ਨਵੇਂ ਨਵੇਂ ਅਧੀਨ ਹੋਏ ਦੇਸ਼ਾਂ ਵਿਚ ਖੇਤੀ ਕੀਤੀ ਜਾਂਦੀ ਸੀ ਅਤੇ ਇਹਨਾਂ ਗੁਲਾਮਾਂ ਤੋਂ ਪਛੂਆਂ ਵਾਂਗੂੰ ਕੰਮ ਲਿਆ ਜਾਂਦਾ ਸੀ ਅਤੇ ਕੋਈ ਤਨਖਾਹ ਨਹੀਂ ਦਿੱਤੀ ਜਾਂਦੀ ਸੀ, ਸਿਰਫ ਖਾਣ ਨੂੰ ਦਿੱਤਾ ਜਾਂਦਾ ਸੀ। ਕਿਉਂਕਿ ਇਹਨਾਂ ਗੁਲਾਮਾਂ ਵਿਚ ਇਸਤਰੀਆਂ ਭੀ ਹੁੰਦੀਆਂ ਸਨ, ਇਸ ਲਈ ਜਿਹੜੇ ਇਹਨਾਂ ਤੋਂ ਬੱਚੇ ਪੈਦਾ ਹੁੰਦੇ ਸਨ ਉਹਨਾਂ ਤੇ ਭੀ ਮਾਲਕ ਦਾ ਹੱਕ ਹੁੰਦਾ ਸੀ ਅਤੇ ਬਹੁਤ ਮਾਲਕ ਇਹਨਾਂ ਤੋਂ ਪੈਦਾ ਹੋਏ ਬੱਚਿਆਂ ਨੂੰ ਅੱਗੇ ਵੇਚ ਦਿੰਦੇ ਸਨ। ਅਮਰੀਕਾ ਦੇ ਇਬਰਾਹੀਮ ਲਿੰਕਨ ਦੇ ਆਵਾਜ਼ ਉਠਾਉਣ ਨਾਲ ਹੌਲੀ ਹੌਲੀ ਇਸ ਘਿਰਣਤ ਵਿਓਪਾਰ ਦਾ ਸਾਰੇ ਯੂਰਪ ਵਿਚੋਂ ਖ਼ਾਤਮਾ ਹੋ ਗਿਆ ਸੀ। ਇਹਨਾਂ ਗੁਲਾਮਾਂ ਦੀ ਉਲਾਦ ਅੱਜ ਪੁਰਤਗਾਲੀ ਲੋਕਾਂ ਨਾਲ ਵਿਆਹ ਸ਼ਾਦੀਆਂ ਕਰਕੇ ਕਾਫੀ ਮਿਕਸ ਹੋ ਗਈ ਹੈ ਅਤੇ ਅੱਜ ਦੇ ਦੌਰ ਵਿਚ ਸਭ ਤੋਂ ਘੱਟ ਨਸਲੀ ਵਿਤਕਰਾ ਪੁਰਤਗਾਲ ਵਿਚ ਹੈ। ਗਾਈਡ ਦੀਆਂ ਗੱਲਾਂ ਸੁਣ ਕੇ ਕਈ ਗੋਰੀਆਂ ਦੀਆਂ ਅੱਖਾਂ ਵਿਚ ਅਥਰੂ ਸਨ।

ਹੁਣ ਫਿਰ ਅਸੀਂ ਕੋਚ ਵਿਚ ਬੈਠ ਗਏ। ਡਰਾਈਵਰ ਸਾਨੂੰ ਇੱਕ ਸ਼ੌਪਿੰਗ ਸੈਂਟਰ ਵਿਚ ਲੈ ਆਇਆ। ਗਾਈਡ ਨੇ ਦੱਸਿਆ ਕਿ ਇਸ ਸ਼ੌਪਿੰਗ ਸੈਂਟਰ ਨੂੰ ਬਣੇ ਹੋਏ ਕੁਛ ਸਾਲ ਹੀ ਹੋਏ ਹਨ। ਕੋਚ ਖੜ੍ਹੀ ਕਰਕੇ ਸਿਧੇ ਹੀ ਇਸ ਦੇ ਅੰਦਰ ਚਲੇ ਗਏ। ਜਦੋਂ ਅਸੀਂ ਇਸ ਸ਼ੌਪਿੰਗ ਮਾਲ ਵਿਚ ਦਾਖਲ ਹੋਏ ਤਾਂ ਦੇਖਿਆ ਇੱਕ ਪਾਸੇ ਸਿਨਮਾ ਹਾਲ ਸੀ ਜਿਥੇ ਇੱਕ ਇੰਡਿਯਨ ਫਿਲਮ ਦੇ ਪੋਸਟਰ ਲੱਗੇ ਹੋਏ ਸਨ। ਇਹ ਕੁਦਰਤੀ ਗੱਲ ਹੈ ਕਿ ਇੰਡਿਯਨ ਹੋਣ ਦੇ ਨਾਤੇ ਸਾਡਾ ਧਿਆਨ ਇਸ ਤਰਫ ਹੋ ਜਾਣਾ ਲਾਜ਼ਮੀ ਸੀ। ਗਾਈਡ ਨੂੰ ਇਸ ਵਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਪੁਰਤਗਾਲ ਵਿਚ ਇੰਡਿਯਨ ਫ਼ਿਲਮਾਂ ਕਾਫੀ ਦੇਖੀਆਂ ਜਾਂਦੀਆਂ ਹਨ। ਮਨ ਵਿਚ ਸੋਚਿਆ ਕਿ ਗੋਆ ਉਪਰ ਪੁਰਤਗਾਲ ਨੇ ਤਕਰੀਬਨ ਪੰਜ ਸੌ ਸਾਲ ਰਾਜ ਕੀਤਾ ਸੀ, ਉਸ ਦਾ ਅਸਰ ਤਾਂ ਹੋ ਹੀ ਸਕਦਾ ਸੀ ਕਿਉਂਕਿ ਗੋਆ ਵਿਚ ਇਹਨਾਂ ਦੇ ਰਿਸ਼ਤੇਦਾਰ ਭੈਣ ਭਾਈ ਰਹਿੰਦੇ ਹੀ ਹੋਣਗੇ ! ਥੋੜ੍ਹਾ ਅੱਗੇ ਗਏ ਤਾਂ ਇੱਕ ਕਾਫੀ ਵੱਡੀ ਦੁਕਾਨ ਫੈਂਸੀ ਗੁਡਜ਼ ਦੀਆਂ ਚੀਜਾਂ ਨਾਲ ਭਰੀ ਹੋਈ ਸੀ ਜੋ ਅਧਿਕ ਤਰ ਇੰਡਿਅਨ ਹੀ ਸਨ। ਇਹਨਾਂ ਵਿਚ ਜ਼ਿਆਦਾ ਤਰ ਮੰਦਿਰਾਂ ਵਿਚ ਰੱਖਣ ਵਾਲੀਆਂ ਮੂਰਤੀਆਂ ਜਿਵੇਂ ਸ਼ਿਵ ਜੀ ਦੇ ਨਾਚ ਮੁਦਰਾ ਵਿਚ ਡਮਰੂ ਪਕੜੇ ਹੋਏ ਦੀਆਂ ਅਤੇ ਭਗਤੀ ਕਰਦੇ ਹੋਏ ਸਾਧੂ ਸੰਤਾਂ ਦੀਆਂ। ਬਹੁਤ ਦੇਰ ਤਕ ਇਸ ਸ਼ੌਪਿੰਗ ਸੈਂਟਰ ਵਿਚ ਘੁੰਮਦੇ ਰਹੇ ਅਤੇ ਫਿਰ ਚਾਹ ਪਾਣੀ ਪੀਣ ਵਾਸਤੇ ਇੱਕ ਕੈਫੇ ਵਿਚ ਚਲੇ ਗਏ। ਬੈਠਣ ਵਾਸਤੇ ਖੁਲ੍ਹੇ ਵਿਚ ਹੀ ਕੁਰਸੀਆਂ ਮੇਜ ਰੱਖੇ ਹੋਏ ਸਨ ਅਤੇ ਖਾਣ ਪੀਣ ਲਈ ਸ਼ੌਪ ਤੇ ਜਾ ਕੇ ਔਰਡਰ ਦੇਣਾ ਪੈਂਦਾ ਸੀ ਜਿਥੇ ਲੜਕੀਆਂ ਸਰਵ ਕਰ ਰਹੀਆਂ ਸਨ। ਕੁਲਵੰਤ ਅਤੇ ਗਿਆਨੋ ਭੈਣ ਇੱਕ ਮੇਜ ਤੇ ਬੈਠ ਗਈਆਂ, ਮੈਂ ਅਤੇ ਜਸਵੰਤ ਔਰਡਰ ਦੇਣ ਵਾਸਤੇ ਕਾਊਂਟਰ ਤੇ ਆ ਗਏ। ਕਾਊਂਟਰ ਵਾਲੀਆਂ ਲੜਕੀਆਂ ਇੰਗਲਿਸ਼ ਨਹੀਂ ਬੋਲ ਰਹੀਆਂ ਸਨ ਪਤਾ ਨਹੀਂ ਜਾਣ ਬੁਝ ਕੇ ਜਾਂ ਉਹਨਾਂ ਨੂੰ ਇੰਗਲਿਸ਼ ਆਉਂਦੀ ਨਹੀਂ ਸੀ। ਇਛਾਰਿਆਂ ਨਾਲ ਹੀ ਸਮਝਾ ਕੇ ਅਸੀਂ ਔਰਡਰ ਦੇ ਦਿੱਤਾ।

ਕੁਛ ਦੇਰ ਬਾਅਦ ਦੋ ਲੜਕੀਆਂ ਸਾਡੇ ਮੋਹਰੇ ਚਾਹ ਦੇ ਕੱਪ ਅਤੇ ਕੇਕ ਛੱਡ ਗਈਆਂ। ਮਜ਼ੇ ਨਾਲ ਖਾ ਕੇ ਵੇਹਲੇ ਹੋ ਗਏ ਅਤੇ ਕ੍ਰਿਸੋਫਰ ਆ ਕੇ ਕਹਿਣ ਲੱਗਾ ਕਿ ਹੁਣ ਵਾਪਸ ਅਲਗਾਵ ਹੀ ਜਾਣਾ ਹੈ। ਰਾਤ ਹੋ ਚੁੱਕੀ ਸੀ, ਅਤੇ ਕੋਚ ਵਿਚ ਬੈਠ ਕੇ ਵਾਪਸੀ ਯਾਤਰਾ ਸ਼ੁਰੂ ਹੋ ਗਈ। ਲਾਈਟਾਂ ਵਿਚ ਹੋਰ ਤਾਂ ਕੁਛ ਦਿਸਦਾ ਨਹੀਂ ਸੀ ਅਤੇ ਕ੍ਰਿਸਟੋਫਰ ਇੱਕ ਬਰਿੱਜ ਵਾਰੇ ਦੱਸ ਰਿਹਾ ਸੀ ਕਿ ਇਹ ਦੁਨੀਆਂ ਦਾ ਦੂਸਰਾ ਵੱਡਾ ਬਰਿੱਜ ਹੈ ਅਤੇ ਇਸ ਦਾ ਡਿਜ਼ਾਈਨ ਅਮਰੀਕਾ ਦੀ ਇੱਕ ਕੰਪਨੀ ਨੇ ਕੀਤਾ ਸੀ ਜਿਸ ਨੇ ਅਮਰੀਕਾ ਵਿਚ ਦੁਨਿਆਂ ਦਾ ਸਭ ਤੋਂ ਵੱਡਾ ਬਰਿੱਜ ਬਣਾਇਆ ਸੀ। ਕੋਚ ਜਾ ਰਹੀ ਸੀ, ਸਾਰੇ ਥੱਕੇ ਹੋਏ ਅੱਖਾਂ ਬੰਦ ਕਰਕੇ ਚੁੱਪ ਚਾਪ ਬੈਠੇ ਸਨ। ਰਸਤੇ ਵਿਚ ਕਿਤੇ ਖੜ੍ਹੇ ਨਹੀਂ ਹੋਣਾ ਸੀ। ਮੇਰਾ ਖਿਆਲ ਹੈ ਕੋਈ ਦੋ ਕ ਵਜੇ ਕੋਚ ਅਲਗਾਰਵ ਆ ਪਹੁੰਚੀ। ਹੋਟਲ ਵਿਚ ਜਾ ਕੇ ਆਪਣੇ ਆਪਣੇ ਕਮਰੇ ਖੋਲ੍ਹੇ ਅਤੇ ਜਾਂਦੇ ਹੀ ਗੁੱਡ ਨਾਈਟ ਕਹਿ ਕੇ ਸੌਂ ਗਏ।

ਚਲਦਾ.....

ਮਰਦ ਦੀ ਮਰਦਾਨਗੀ ਅਤੇ ਪ੍ਰਧਾਨਗੀ ਨੂੰ ਸੀਮਤ ਕਰਨਾ ਜ਼ਰੂਰੀ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
98781 11445

ਦੁਨੀਆਂ ਦੇ ਵੱਖ- ਵੱਖ ਖਿੱਤਿਆਂ, ਸੱਭਿਆਚਾਰਾਂ ਅਤੇ ਧਰਮਾਂ ਦੇ ਆਧਾਰ ਤੇ ਮਰਦ ਔਰਤ ਵਿੱਚ ਫਰਕ ਜ਼ਰੂਰ ਪਾਏ ਜਾਂਦੇ ਹਨ। ਮਰਦ ਦੀ ਮਰਦਾਨਗੀ ਅਤੇ ਪ੍ਰਧਾਨਗੀ ਦੇ ਲੱਛਣ ਵੀ ਸਭ ਪਾਸੇ ਮੇਲ ਖਾਂਦੇ ਹਨ। ਸਮਾਜ ਦੇ ਸਿੱਕੇ ਦੇ ਦੋ ਪਹਿਲੂ ਮਰਦ ਅਤੇ ਔਰਤ ਹਨ ਪਰ ਜੀਵ ਵਿਗਿਆਨਿਕ ਤੌਰ ਤੇ ਭਿੰਨਤਾ ਜ਼ਰੂਰ ਪਾਈ ਜਾਂਦੀ ਹੈ। ਮਰਦ ਸ਼ਬਦ ਸੁਣਦੇ ਹੀ ਇਕ ਵੱਖਰੀ ਕਿਸਮ ਦੀ ਤਸਵੀਰ ਉੱਭਰਦੀ ਹੈ। ਇਹ ਤਸਵੀਰ ਉਂਝ ਤਾਂ ਆਲਮੀ ਪੱਧਰ ਤੇ ਹੈ ਪਰ ਸਾਡੇ ਦੇਸ਼ ਵਿੱਚ ਕੁੱਝ ਜਿਆਦਾ ਹੀ ਮਰਦ ਦੀ ਪ੍ਰਧਾਨਗੀ ਹੋਣ ਕਰਕੇ ਮਰਦ ਪ੍ਰਧਾਨ ਸਮਾਜ ਦਾ ਤਬਸਰਾ ਹੁੰਦਾ ਰਹਿੰਦਾ ਹੈ। ਮਰਦ ਦੀ ਭਾਵਨਾ ਦਾ ਵਿਕਾਸ ਕਿਸੇ ਨਿਯਮ ਨਹੀਂ ਬਲਕਿ ਸਾਡੀ ਸੋਚ ਵਿੱਚ ਹੁੰਦਾ ਹੈ। ਮਰਦ ਆਪਣੀ ਸੋਚ, ਉਮੰਗ, ਇੱਛਾ ਅਤੇ ਹਵਸ ਕਾਰਨ ਔਰਤ ਤੇ ਹਾਵੀ ਹੋਣ ਦੀ ਕੋਸ਼ਿਸ ਕਰਦਾ ਰਹਿੰਦਾ ਹੈ। ਹਾਵੀ ਹੁੰਦਾ ਵੀ ਹੈ। ਮਰਦ ਦੀ ਸੋਚ ਉਸ ਦੀ ਇੱਛਾ ਵਿੱਚੋਂ ਸਭ ਕੁੱਝ ਪ੍ਰਾਪਤ ਕਰਨ ਵਾਲੀ ਹੁੰਦੀ ਹੈ। ਮਰਦ ਦੀ ਪ੍ਰਧਾਨਤਾ ਘਰ ਅਤੇ ਸਮਾਜ ਵਿੱਚ ਇੱਕੋ ਜਿਹੀ ਲੱਗਦੀ ਹੈ। ਜਦਕਿ ਮਰਦ ਮ

॥ ਦ੍ਰਿਸ਼ਟੀਕੋਣ ॥

{View point}

ਗੁਰਮੀਤ ਸਿੰਘ ਭੋਗਲ

ਗਰਮੀ ਰੁੱਤੇ ਕਿਸੇ ਘੁੱਗ ਵਸਦੇ ਪਿੰਡ ਵਿੱਚ ਇੱਕ ਘਣੀ ਛਾਂ ਵਾਲੇ ਦਿਉ-ਕੱਦ ਬਾਬਾ ਬੋਹੜ ਦੇ ਦਰੱਖਤ ਦੇ ਆਲ਼ੇ ਦੁਆਲ਼ੇ ਬਣੇ ਹੋਏ ਇੱਟਾਂ ਦੇ ਉੱਚੇ ਥੱੜੇ ਉੱਤੇ ਪਿੰਡ ਦੇ ਕਈ ਲੋਕ ਬੈਠੇ ਸਨ। ਬੱਚੇ, ਗਭਰੂ ਅੱਧੇੜ ਉਮਰ ਦੇ ਕਈ ਹੋਰ ਭਲੇ ਲੋਕ। ਇਨ੍ਹਾਂ ਵਿੱਚ ਪੱਕੀ ਉਮਰ ਦਾ ਇੱਕ ਸੰਤ ਸੁਭਾ ਵਾਲਾ ਪੁਰਸ਼ ਵੀ ਮੌਜੂਦ ਸੀ। ਜਿਸ ਨੂੰ ਪਿੰਡ ਦੇ ਲੋਕ "ਭਗਤ" ਜੀ ਕਹਿ ਕੇ ਬੁਲਾਇਆ ਕਰਦੇ ਸਨ।

ਥੱੜੇ ਦੇ ਨਾਲ ਲੱਗਦਾ ਪਿੰਡ ਵਲੋਂ ਆਉਂਦੇ ਜਾਂਦੇ ਲੋਕਾਂ ਲਈ ਇੱਕ ਕੱਚਾ ਰਾਹ ਵੀ ਸੀ। ਇਸ ਰਾਹ ਵਿੱਚ ਇਸ ਵਕਤ ਤਿੰਨ ਬੀਬੀਆਂ ਇੱਕ ਦੂਸਰੀ ਦੇ ਅੱਗੇ ਪਿੱਛੇ ਤੁਰਦੀਆਂ ਜਾ ਰਹੀਆਂ ਸਨ। ਇਨ੍ਹਾਂ ਤਿੰਨਾਂ ਵਿੱਚ ਅਗਲੀ ਤੇ ਪਿੱਛਲੀ ਬੀਬੀ, ਇੱਕ ਬਾਲੜੀ ਤੇ ਦੂਜੀ ਵੱਡੇਰੀ ਉਮਰ ਦੀ ਸੀ, ਪਰ ਵਿੱਚਕਾਰ ਵਾਲੀ ਗੱਭਲੀ ਬੀਬੀ ਅਤਿ ਸੁੰਦਰ ਰੂਪਵੰਤੀ ਤੇ ਉੱਚੇ ਕੱਦ ਦੀ ਮੁੱਟਿਆਰ ਸੀ।

ਥੱੜੇ ਤੇ ਬੈਠੇ ਕਈ ਲੋਕਾਂ ਦਾ ਧਿਆਨ ਉਨ੍ਹਾਂ ਬੀਬੀਆਂ ਵਲ ਗਿਆ। ਉਨ੍ਹਾਂ ਦੇਖਣ ਵਾਲਿਆਂ ਵਿੱਚੋਂ ਵਿਸ਼ੇਸ਼ ਕਰਕੇ ਗੱਭਰੂਆਂ ਦਾ ਧਿਆਨ ਸਭ ਤੋਂ ਵੱਧ, ਉਸ ਬਾਂਕੀ ਮੁਟਿਆਰ ਵਲ ਆਕਰਸ਼ਤ ਸੀ।

ਉਨ੍ਹਾਂ ਬੀਬੀਆਂ ਵਲ ਭਗਤ ਜੀ ਨੇ ਵੀ ਸਰ ਸਰੀ ਨਜ਼ਰਾਂ ਘੁਮਾ ਕੇ ਵੇਖਿਆ। ਨਜ਼ਰਾਂ ਉੱਪਰ ਅੰਬਰ ਵਲ ਕਰਦਿਆਂ ਉਸ ਭਗਤ ਜੀ ਦੇ ਬੁੱਲਾਂ ਤੋਂ ਅਵੇਸਲੇ ਹੀ ਆਪ ਮੁਹਾਰੇ ਇਹ ਸ਼ਬਦ ਨਿਕਲੇ:-

ਨਾ ਅਗਲੀ ਤੋਂ, ਨਾ ਪਿੱਛਲੀ ਤੋਂ,
ਕੁਰਬਾਨ ਜਾਵਾਂ ਜਾਵਾਂ, ਗੱਭਲੀ ਤੋਂ।

ਉੱਥੇ ਮੌਜੂਦ ਹਰ ਬਸ਼ਰ ਨੇ ਇਹ ਸ਼ਬਦ ਸੁਣੇ।ਅਜਿਹੀ ਕਹਾਵਤ ਨੂੰ ਇੱਕ ਬਾਇੱਜ਼ਤ, ਪੁੱਤ ਪੋਤਿਆਂ ਵਾਲੇ ਪਰਿਵਾਰ, ਪੱਕੀ ਉਮਰ ਵਾਲੇ ਸਤਿਕਾਰਯੋਗ ਬੱਜ਼ੁਰਗ ਸਫ਼ੇਦ ਵਾਲ, ਆਦਮੀ ਦੇ ਮੂੰਹੋਂ ਸੁਣ ਕੇ ਹਰ ਕੋਈ ਸਸ਼ੋਪੰਜ ਵਿੱਚ ਫਸ ਗਿਆ!

ਸੋਚ ਵਿਚਾਰ ਤੇ ਸਮਝ ਕੇ ਇੱਕ ਨੌਜੁਆਨ ਨੇ ਹੌਸਲਾ ਕਰ ਕੇ ਕਹਿ ਹੀ ਦਿੱਤਾ, ਜੀ! ਮੁਆਫ਼ ਕਰਨਾ, ਮੁਟਿਆਰ ਬੀਬੀ ਬਾਰੇ ਅਜਿਹੀ ਆਲੋਚਨਾ ਟੀਕਾ ਟਿੱਪਣੀ ਕਰਨੀ ਕਿਸੇ ਮੁੰਡੇ ਖੁੰਡੇ ਦੇ ਮੂਹੋਂ ਤਾਂ ਚੰਗੀ ਲੱਗਦੀ ਹੋਵੇ ਪਰ ਕਿਸੇ, ਤੁਹਾਡੀ ਉਮਰ ਵਾਲੇ ਸਖ਼ਸ਼ ਦੇ ਮੂੰਹੋਂ ਇਹ ਟਿੱਚਰ ਕਰਨੀ ਨਾ ਫੱਬਦੀ ਹੈ ਤੇ ਨਾ ਹੀ ਕੁੱਝ ਸ਼ੋਭਾ ਦਿੰਦੀ ਹੈ।

ਇਹ ਉਸ ਨੌਜੁਆਨ ਦੀ ਆਪਣੀ ਨਿੱਜੀ ਸੋਚ ਵਿਚਾਰ, ਦ੍ਰਿਸ਼ਟੀਕੋਣ (ਵੀਊ ਪੋਆਂਇਟ) ਸੀ। ਬੱਜ਼ੁਰਗ ਭਗਤ ਜੀ ਨੇ ਉਸ ਨੌਜੁਆਨ ਵਲ ਵੇਖਦਿਆਂ ਕਿਹਾ, ਕਾਕਾ ਜੀ! ਜਿਨ੍ਹਾਂ ਬੀਬੀਆਂ ਦਾ ਜ਼ਿਕਰ ਤੂੰ ਕੀਤਾ ਹੈ ਮੈਂ ਉਨ੍ਹਾਂ ਬਾਰੇ ਤਾਂ ਕੁੱਝ ਵੀ ਨਹੀਂ ਆਖਿਆ। ਹਾਂ, ਉਨ੍ਹਾਂ ਵਲ ਵੇਖ ਕੇ ਮੇਰੇ ਮਨ ਵਿੱਚ ਇੱਕ ਸੋਚ-ਵਿੱਚਾਰ ਜ਼ਰੂਰ ਉੱਤਪਨ ਹੋਈ ਸੀ। ਜਿਸ ਦਾ ਪ੍ਰਗਟਾਵਾ ਤੁਸੀਂ ਸਭ ਨੇ ਮੇਰੇ ਮੂਹੋਂ ਸੁਣ ਹੀ ਲਿਆ ਹੈ।

ਭਗਤ ਜੀ ਨੇ ਆਪਣੇ ਦ੍ਰਿਸ਼ਟੀ ਕੋਣ ਦੀ ਵਜ਼ਾਹਤ ਕਰਦਿਆਂ ਕਿਹਾ: ਹਰ ਪ੍ਰਾਣੀ ਉਮਰ ਦੇ ਤਿੰਨ ਪੜਾਵਾਂ ਵਿੱਚੋਂ ਗੁਜ਼ਰਦਾ ਹੈ। ਬੱਚਪਨ, ਜੁਆਨੀ ਤੇ ਬੁੱਢਾਪਾ। ਜਿਸ ਉਮਰ ਦੇ ਪੜਾ ਤੋਂ ਮੈਂ ਗੁਜ਼ਰ ਰਿਹਾ ਹਾਂ, ਜਦ ਉਸ ਪੜਾ ਤੋਂ ਇੱਕ ਪਿੱਛਲਝਾਤ ਆਪਣੇ ਬੱਚਪਨ ਜੁਆਨੀ ਤੇ ਬੁੜ੍ਹੇਪੇ ਤੇ ਮਾਰਦਾ ਹਾਂ ਤਾਂ ਮੈਨੂੰ ਆਪਣੀ ਗੱਭਲੀ ਉਮਰ ਦਾ ਪੜਾ ਬੜਾ ਸੁਹਵਣਾ ਚੰਗਾ ਲੱਗਦਾ ਹੈ। ਸੋ ਗੁਜ਼ਰ ਰਹੀਆਂ ਉਨ੍ਹਾਂ ਤਿੱਨਾਂ ਬੀਬੀਆਂ ਤੇ ਨਜ਼ਰ ਪੈਂਦਿਆਂ ਸਾਰ ਮੇਰੇ ਮੂੰਹੋਂ ਨਿਕਲ ਹੀ ਗਿਆ:

ਨਾ ਅਗਲੀ ਤੋਂ, ਨਾ ਪਿੱਛਲੀ ਤੋਂ,
ਕੁਰਬਾਨ ਜਾਵਾਂ ਜਾਵਾਂ ਗੱਭਲੀ ਤੋਂ।

ਹਰ ਬਸ਼ਰ ਦੇ ਆਪਣੇ ਅਨੁਭਵ ਤਜੱਰਬੇ ਦੇ ਆਧਾਰ ਅਨੁਸਾਰ ਉਸ ਦੀ ਆਪਣੀ ਨਵੇਕਲੀ ਸੋਚ ਵਿੱਚਾਰ, ਨੁਕਤਾ ਨਜ਼ਰੀਆ ਜਾਂ ਦ੍ਰਿਸ਼ਟੀ ਕੋਣ ਹੋਇਆ ਕਰਦਾ ਹੈ। ਇਹ ਮੇਰੀ ਵੀ ਨਿੱਜੀ ਸੋਚ ਵਿੱਚਾਰ ਜਾਂ ਦ੍ਰਿਸ਼ਟੀ ਕੋਣ ਸੀ, ਅਤੇ ਇਸ ਤੋਂ ਵੱਧ ਹੋਰ ਕੁੱਝ ਵੀ ਨਹੀਂ। ਮੈਨੂੰ ਆਪਣੀ ਗੱਭਲੀ ਉਮਰ ਦਾ ਪੜਾ ਚੰਗਾ ਲੱਗਦਾ ਹੈ!

ਉੱਥੇ ਬੈਠੇ ਹੋਏ ਇੱਕ ਹੋਰ ਪੁਰਸ਼ ਨੇ ਕਿਹਾ ਕਿ ਮੈਨੂੰ ਤਾਂ ਉਸ ਖ਼ੂਬਸੂਰਤ ਸੁੰਦਰ ਬੀਬੀ ਵਿੱਚ ਭਗਵਾਨ ਦਾ ਰੂਪ ਦਿਖਿਆ ਹੈ। ਸੋਚਦਾ ਹਾਂ, ਕਿ ਜਿਸ ਸਿਰਜਨਹਾਰ ਭਗਵਾਨ ਨੇ ਇਸ ਬੀਬੀ ਦੀ ਸਿਰਜਨਾ ਕੀਤੀ ਹੈ, ਉਸ ਦਾ ਆਪਣਾ ਜਲਾਲ! ਉਹ ਆਪ ਕਿਨਾਂ ਖ਼ੂਬਸੂਰਤ!! ਸੁੰਦਰ ਹੋਵੇਗਾ!!!

ਜੀ! ਤੁਹਾਨੂੰ ਵੀ ਸਭ ਨੂੰ ਆਪਣੀ ਆਪਣੀ ਸੋਚ ਰੱਖਣ ਦਾ, ਆਪਣੇ ਦ੍ਰਿਸ਼ਟੀਕੋਣ ਦਾ ਉਨ੍ਹਾਂ ਹੀ ਅਧਿਕਾਰ ਹੈ ਜਿਨ੍ਹਾਂ ਕਿਸੇ ਹੋਰ ਨੂੰ ਹੋ ਸਕਦਾ ਹੈ। ਅਤੇ ਅਸੀਂ ਉਸ ਦੀ ਕਦਰ ਕਰਦੇ ਹਾਂ॥

ਪਾਕਿਸਤਾਨ ਵੱਸਦਾ ਪੰਜਾਬੀ ਸ਼ਾਇਰ ਅਹਿਮਦ ਸਲੀਮ ਵੀ ਆਖਰੀ ਫਤਹਿ ਬੁਲਾ ਗਿਆ

ਬਹੁਤੀਆਂ ਹਕੂਮਤਾਂ ਦਾ ਜਬਰ ਸਹਿੰਦਿਆਂ ਉਮਰ ਗੁਜਾਰਨ ਵਾਲਾ ਸਾਇਰ ਅਹਿਮਦ ਸਲੀਮ ਵੀ ਆਖਰੀ ਫਤਹਿ ਬੁਲਾ ਗਿਆ। ਕਦੇ ਵਕਤ ਸੀ ਕਿ ਅਹਿਮਦ ਸਲੀਮ ਦੀ ਚਿੱਠੀ ਫੜੇ ਜਾਣਾ ਵੀ ਗੁਨਾਹ ਸੀ। ਉਸ ਦੇ ਲਿਖੇ ਗੀਤ "ਉੱਚੀਆਂ ਲੰਮੀਆਂ ਟਾਹਲੀਆਂ" ਰਾਹੀਂ ਮੈਂ ਉਸਦੇ ਸਬਦ ਸੰਸਾਰ ਨਾਲ ਜੁੜਿਆ। ਇਸ ਪੰਜਾਬੀ ਲੋਕਗੀਤ ਨੂੰ ਉਸ ਬਦਲ ਕੇ ਅਮਨ ਗੀਤ ਵਾਂਗ ਲਿਖਿਆ ਸੀ। ਫਿਰ ਪਤਾ ਲੱਗਾ ਕਿ ਸਹੀਦ ਭਗਤ ਸਿੰਘ ਦੇ ਜੀਵਨ ਬਾਰੇ ਉਸ ਦੀ ਦਿਲਚਸਪੀ ਸਿਖਰਾਂ ਤੇ ਹੈ। ਉਹ ਬਰਾਸਤਾ ਇੰਗਲੈਂਡ ਇਧਰਲੇ ਪੰਜਾਬ ਵਿੱਚ ਨਵਾਂ ਸਹਿਰ ਵੱਸਦੀ ਲੇਖਿਕਾ ਬੀਬਾ ਕੁਲਵੰਤ ਰਾਹੀਂ ਇਹ ਮੁਲਾਕਾਤ ਟੇਪ ਰਾਹੀਂ ਰੀਕਾਰਡ ਕਰ ਸਕਿਆ। ਇਸ ਮਗਰੋਂ ਬੀਬਾ ਕੁਲਵੰਤ ਨੂੰ ਜਰੂਰ ਏਧਰਲੇ ਸਰਕਾਰੀ ਤੰਤਰ ਦੀਆਂ ਨਜਰਾਂ ਚ ਸੱਕੀ ਕਰ ਗਿਆ। ਬੀਬਾ ਕੁਲਵੰਤ ਨੇ 1975 ਚ ਲਿਖੀ ਆਪਣੀ ਕਹਾਣੀਆ ਦੀ ਕਿਤਾਬ ਓਧਰੋਂ ਅਹਿਮਦ ਸਲੀਮ ਤੇ ਰੇਸਮਾਂ ਨੂੰ ਤੇ ਏਧਰੋਂ ਸੁਰਿੰਦਰ ਕੌਰ ਤੇ ਸ ਸ ਮੀਸਾ ਨੂੰ ਸਮਰਪਿਤ ਕੀਤੀ। ਬੀਬਾ ਕੋਲ ਅੱਜ ਵੀ ਅਹਿਮਦ ਸਲੀਮ ਦੀਆਂ ਲਿਖੀਆਂ ਕਈ ਚਿੱਠੀਆਂ ਸਾਹਮੁਖੀ ਚ ਲਿਖੀਆਂ ਸੰਭਾਲੀਆਂ ਪਈਆਂ ਨੇ। ਅਹਿਮਦ ਸਲੀਮ ਦਾ ਜਨਮ 26 ਜਨਵਰੀ 1945 ਵਿੱਚ ਗੁਜਰਾਤ ਜਿ?ਲ੍ਹੇ ਦੇ ਪਿੰਡ ਮਿਆਣਾ ਗੋਂਦਲ ਵਿੱਚ ਹੋਇਆ। ਪ੍ਰਮੁੱਖ ਪਾਕਿਸਤਾਨੀ ਪੰਜਾਬੀ ਲੇਖਕ, ਪੰਜਾਬੀ ਪੱਖੀ ਕਾਰਕੁਨ ਅਤੇ 2001 ਵਿੱਚ ਸਥਾਪਿਤ ਕੀਤੇ ਇੱਕ ਪ੍ਰਾਈਵੇਟ ਆਰਕਾਈਵ"ਸਾਊਥ ਏਸੀਅਨ ਰਿਸਰਚ ਐਂਡ ਰਿਸੋਰਸ ਸੈਂਟਰ "ਦਾ ਸਹਿ ਸੰਸਥਾਪਕ ਸੀ। ਅਹਿਮਦ ਸਲੀਮ ਸੱਤ ਭੈਣ-ਭਰਾਵਾਂ ਵਿੱਚੋਂ ਚੌਥੇ ਨੰਬਰ ਤੇ ਸੀ। ਉਸ ਦੀ ਮੁਢਲੀ ਸਿੱਖਿਆ ਆਪਣੇ ਪਿੰਡ ਮਿਆਣਾ ਗੋਂਦਲ ਵਿੱਚ ਹੀ ਹੋਈ ਅਤੇ ਅੱਗੇ ਮੈਟ੍ਰਿਕ ਕਰਨ ਲਈ ਉਹ ਪਿਸਾਵਰ ਚਲਿਆ ਗਿਆ। ਅਹਿਮਦ ਸਲੀਮ ਦੀਆਂ ਕਾਵਿ ਪੁਸਤਕਾਂ ਵਿੱਚ ਕੂੰਜਾਂ ਮੋਈਆਂ, ਘੜੀ ਦੀ ਟਿਕ ਟਿਕ,ਨੂਰ ਮੁਨਾਰੇ (1996) ਤਨ ਤੰਬੂਰ (1974), ਮੇਰੀਆਂ ਨਜਮਾਂ ਮੋੜ ਦੇ (2005) ਇੱਕ ਉਧੜੀ ਕਿਤਾਬ ਦੇ ਬੇਤਰਤੀਬੇ ਵਰਕੇ (2006) ਲੋਕ ਵਾਰਾਂ (ਪੰਜਾਬੀ ਵਿੱਚ ਤਿੰਨ ਲੋਕ ਐਪਿਕ, ਇਸਲਾਮਾਬਾਦ, 1973) . ਲੋਕ ਵਾਰਾਂ (ਭਾਰਤੀ ਐਡੀਸਨ), ਨਵੀਂ ਦਿੱਲੀ, 1973 ਹਨ। ਲੋਕ ਵਾਰਾਂ ਤੇ ਤਨ ਤੰਬੂਰ ਏਧਰ ਨਵਯੁਗ ਪਬਲਿਸਰਜ ਵੱਲੋਂ ਭਾਪਾ ਪ੍ਰੀਤਮ ਸਿੰਘ ਜੀ ਨੇ ਬੜੀ ਰੀਝ ਨਾਲ ਛਾਪੇ ਸਨ। ਉਸ ਦਾ ਇੱਕੋ ਇੱਕ ਨਾਵਲ ਤਿਤਲੀਆਂ ਤੇ ਟੈਂਕ ਸਾਇਦ ਭਾ ਜੀ ਗੁਰਸਰਨ ਸਿੰਘ ਜੀ ਨੇ ਛਾਪਿਆ ਸੀ ਪਰ ਪੰਕਾ ਪਤਾ ਨਹੀ। ਉਸ ਦੀਆਂ ਵਾਰਤਕ ਰਚਨਾਵਾਂ ਵਿੱਚ ਇੱਕ ਰਾਂਝਣ ਦੀ (1983 ਦਾ ਪੰਜਾਬ ਦਾ ਸਫਰਨਾਮਾ - ਲਾਹੌਰ, 1990) ਤੱਤੇ ਲਹੂ ਦਾ ਚਾਨਣ (ਪੰਜਾਬੀ ਵਿੱਚ ਸਾਹਿਤਕ ਨਿਬੰਧ - ਲਾਹੌਰ, 1999 ਪ੍ਰਮੁੱਖ ਹਨ। ਚਾਰ ਕੁ ਸਾਲ ਪਹਿਲਾਂ ਲਾਹੌਰ ਵਿਖੇ ਹੋਈ ਵਿਸਵ ਅਮਨ ਕਾਨਫਰੰਸ ਵਿੱਚ ਅਹਿਮਦ ਸਲੀਮ ਜੀ ਨਾਲ ਮੁਲਾਕਾਤ ਹੋਈ ਤਾਂ ਬਹੁਤ ਚੰਗਾ ਲੱਗਾ। ਉਨ੍ਹਾਂ ਦੀ ਸਿਹਤ ਭਾਵੇਂ ਬਹੁਤ ਕਮਜੋਰ ਸੀ ਪਰ ਆਵਾਜ ਦਾ ਗੜ੍ਹਕਾ ਕਾਇਮ ਸੀ। ਮੈਂ ਤੇ ਡਾ ਰਤਨ ਸਿੰਘ ਢਿੱਲੋਂ ਨੇ ਉਸ ਨਾਲ ਉਚੇਚੀ ਤਸਵੀਰ ਖਿਚਵਾਈ। ਉਸ ਦੀ ਪਿਛਲੀ ਪੰਜਾਬ ਫੇਰੀ ਵੇਲੇ ਲੁਧਿਆਣੇ ਆਉਣ ਦੇ ਬਾਵਜੂਦ ਵੀ ਉਸ ਨੂੰ ਮਿਲ ਨਾ ਸਕਿਆ। ਮੈਂ ਸਹਿਰੋਂ ਬਾਹਰ ਸਾਂ ਉਸ ਦਿਨ ਸਾਇਦ। ਅਹਿਮਦ ਸਲੀਮ ਪਾਕਿਸਤਾਨੀ ਪੰਜਾਬ ਚ ਪੰਜਾਬੀ ਮਾਂ ਬੋਲੀ ਦਾ ਪਹਿਰੇਦਾਕ ਸੀ। ਉਸ ਨੇ ਫੈਜ ਅਹਿਮਦ ਫੈਜ ਸਾਹਿਬ ਦੀ ਸਾਇਰੀ ਸੰਭਾਲਣ ਤੇ ਸਹੀਦ ਭਗਤ ਸਿੰਘ ਦੀ ਜੀਵਨੀ ਲਿਖ ਕੇ ਇਤਿਹਾਸਕ ਕਾਰਜ ਕੀਤਾ। ਅਹਿਮਦ ਸਲੀਮ ਦੀ ਮੁਕੰਮਲ ਸਾਇਰੀ ਦਾ ਸੰਗ੍ਰਹਿ ਵੀ ਓਧਰ ਛਪਿਆ ਹੈ, ਹੁਣ ਏਧਰ ਕੌਣ ਛਾਪੇਗਾ? ਵਕਤ ਦੱਸੇਗਾ। ਇਲਿਆਸ ਘੁੰਮਣ ਮੁਤਾਬਕ ਪੰਜਾਬੀ ਕਵੀ, ਨਾਵਲਿਸਟ,ਕਹਾਣੀਕਾਰ ਅਹਿਮਦ ਸਲੀਮ 10 ਦਸੰਬਰ 2023 ਦੀ ਰਾਤ ਇਸਲਾਮਾਬਾਦ ਵਿੱਚ ਪੂਰੇ ਹੋਏ। ਨਮਾਜ ਜਨਾਜਾ ਅਤੇ ਹੋਰ ਆਖਰੀ ਰਸਮਾਂ 11 ਦਸੰਬਰ ਨੂੰ ਅੱਜ ਲਾਹੌਰ ਵਿਖੇ ਹੋਣਗੀਆਂ।

ਅਲਵਿਦਾ!

ਵੱਡੇ ਵੀਰ ਅਹਿਮਦ ਸਲੀਮ!

ਗੁਰਭਜਨ ਗਿੱਲ

ਬੰਦੀ ਸਿੱਖਾਂ ਦੇ ਨਾਮ ਚੱਲ ਰਹੇ ਮੋਰਚੇ ਤੇ ਪੰਜਾਬ ਦੇ ਸਿਖਾਂ ਵਿਚ ਆਪਣਾ ਆਪਣਾ ਰਾਹ ਕਿਉਂ ?

ਪਰਮਿੰਦਰ ਸਿੰਘ ਬੱਲ , ਯੂ ਕੇ

